JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

To view our online newspaper visit punjabipost.ca/epaper | Vol 22* Issue 117 | Friday, June 16, 2023 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਅੰਦਰ ਇਹ ਵੀ ਪੜ੍ਹੋ

**ਓਨਟਾਰੀਓ ਦੀਆਂ ਹੋਰਨਾਂ ਮਿਊਂਸਪੈਲਿਟੀਜ਼ ਤੱਕ ਵੀ ਸਟਰਾਂਗ ਮੇਅਰ ਪਾਵਰਜ਼ ਦਾ ਪਸਾਰ ਕਰੇਗੀ ਫੋਰਡ ਸਰਕਾਰ**



ਪੰਨਾ 03

**ਪਹਿਲਾ ਵਿਵਾਦ ਹਾਲੇ ਮੁੱਕਿਆ ਨਹੀਂ ਕਿ 'ਅਖੰਡ ਭਾਰਤ' ਦੇ ਨਕਸ਼ੇ ਨੇ ਨਵਾਂ ਬੇਲੋੜਾ ਵਿਵਾਦ ਛੇੜ ਛੱਡਿਐ**

ਜਤਿੰਦਰ ਪਨੂੰ ਦੀ ਕਲਮ ਤੋਂ

ਪੰਨਾ 06

# ਬੱਸ ਤੇ ਸੈਮੀ ਟਰੱਕ ਦੀ ਟੱਕਰ ਵਿਚ 15 ਹਲਾਕ, 10 ਜ਼ਖ਼ਮੀ



ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡਾ ਦੇ ਇਤਿਹਾਸ ਦੀ ਵੱਡੀ ਘਟਨਾ ਦੱਸਿਅ, ਮ੍ਰਿਤਕਾਂ ਦੇ ਪਰਿਵਾਰਾਂ ਨਾਲ ਕੀਤਾ ਦੁੱਖ ਸਾਂਝਾ

ਮੈਨੀਟੋਬਾ, 15 ਜੂਨ (ਪੋਸਟ ਬਿਊਰੋ) : ਕੈਰਬੈਰੀ, ਮੈਨੀਟੋਬਾ ਦੇ ਨੇੜੇ ਟਰਾਂਸ ਕੈਨੇਡਾ ਹਾਈਵੇਅ ਉੱਤੇ ਇੱਕ ਬੱਸ ਦੇ ਸੈਮੀ ਟਰੱਕ ਨਾਲ ਟਕਰਾ ਜਾਣ ਕਾਰਨ 15 ਲੋਕ ਮਾਰੇ ਗਏ ਜਦਕਿ 10 ਹੋਰ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

ਮੈਨੀਟੋਬਾ ਆਰਸੀਐਮਪੀ ਨੇ ਦੱਸਿਆ ਕਿ ਵੀਰਵਾਰ ਨੂੰ ਸਵੇਰੇ 11:43 ਦੇ ਨੇੜੇ ਤੇੜੇ ਪੁਲਿਸ ਅਧਿਕਾਰੀਆਂ ਨੂੰ ਇਹ ਰਿਪੋਰਟ ਮਿਲੀ ਕਿ 25 ਵਿਅਕਤੀਆਂ ਨੂੰ ਲਿਜਾ ਰਹੀ ਬੱਸ ਹਾਈਵੇਅ 1 ਤੇ ਹਾਈਵੇਅ 5 ਉੱਤੇ ਟਾਊਨ ਆਫ ਕੈਰਬੈਰੀ ਨੇੜੇ ਸੈਮੀ ਟਰੱਕ ਨਾਲ ਟਕਰਾ ਗਈ। ਮੈਨੀਟੋਬਾ ਆਰਸੀਐਮਪੀ ਦੇ ਕਮਾਂਡਿੰਗ ਆਫੀਸਰ ਰੌਬ ਹਿੱਲ ਨੇ ਦੱਸਿਆ ਕਿ ਹਾਦਸੇ ਵਿੱਚ 15 ਲੋਕ ਮਾਰੇ ਗਏ ਜਦਕਿ 10 ਹੋਰ ਜ਼ਖ਼ਮੀ ਹੋ ਗਏ। ਹਿੱਲ ਨੇ ਦੱਸਿਆ ਕਿ ਬੱਸ ਵਿੱਚ ਸਵਾਰ ਲੋਕ ਡੌਫਿਨ ਤੇ ਉਸ ਦੇ ਨਾਲ ਲੱਗਦੇ ਇਲਾਕਿਆਂ ਵਿੱਚੋਂ ਸਨ। ਉਨ੍ਹਾਂ ਇਹ ਵੀ ਦੱਸਿਆ ਕਿ ਇਨ੍ਹਾਂ ਵਿੱਚੋਂ ਬਹੁਤੇ ਸੀਨੀਅਰਜ਼ ਸਨ।

ਕੈਰਬੈਰੀ ਦੇ ਸੈਂਡ ਹਿੱਲਜ਼ ਕੈਸੀਨੋ ਦੇ ਬੁਲਾਰੇ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਬੱਸ ਕੈਸੀਨੋ ਹੀ ਜਾ ਰਹੀ ਸੀ। ਦੋ ਸਟਾਰਜ਼ ਏਅਰ ਐਂਬੂਲੈਂਸਾਂ ਵੀ ਹਾਦਸੇ ਵਾਲੀ ਥਾਂ ਉੱਤੇ ਵੇਖੀਆਂ ਗਈਆਂ। ਇੱਕ ਵਿਨੀਪੈਗ ਤੋਂ ਮੰਗਵਾਈ ਗਈ ਤੇ ਇੱਕ ਰੇਜਾਈਨਾ ਤੋਂ ਮੰਗਵਾਈ ਗਈ। ਸਟਾਰਜ਼ ਨੇ ਦੱਸਿਆ ਕਿ ਉਸ ਦੇ 14 ਮੈਡੀਕਲ ਕ੍ਰਿਊ ਮੈਂਬਰ ਵੀ ਮੌਕੇ ਉੱਤੇ ਮੌਜੂਦ ਸਨ। ਅਧਿਕਾਰੀਆਂ ਨੇ ਦੱਸਿਆ ਕਿ ਇਸ ਤੋਂ ਇਲਾਵਾ 12 ਐਂਬੂਲੈਂਸਾ ਜ਼ਖ਼ਮੀਆਂ ਨੂੰ ਹਸਪਤਾਲ ਲਿਜਾਣ ਲਈ ਮੌਕੇ ਉੱਤੇ ਮੌਜੂਦ ਸਨ। ਪੁਲਿਸ ਵੱਲੋਂ ਡੌਫਿਨ ਵਿੱਚ 2 ਕਿਰਬੀ ਐਵਨਿਊ ਈਸਟ ਵਿਖੇ ਲੁਥਰਨ ਚਰਚ ਦੀ ਬੇਸਮੈਂਟ ਵਿੱਚ ਪਰਿਵਾਰਾਂ ਲਈ ਸਪੋਰਟ ਸੈਂਟਰ ਵੀ ਬਣਾਇਆ ਗਿਆ ਹੈ।

ਵੀਰਵਾਰ ਦੁਪਹਿਰੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਘਟਨਾ ਨੂੰ ਕੈਨੇਡਾ ਦੇ ਇਤਿਹਾਸ ਦੀ ਵੱਡੀ ਟਰੈਜਡੀ ਦੱਸਿਆ। ਉਨ੍ਹਾਂ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਵੀ ਦੁੱਖ ਸਾਂਝਾ ਕੀਤਾ। ਟਵਿੱਟਰ ਉੱਤੇ ਇੱਕ ਬਿਆਨ ਪੋਸਟ ਕਰਕੇ ਉਨ੍ਹਾਂ ਆਖਿਆ ਕਿ ਇਸ ਦੁੱਖ ਦੀ ਘੜੀ ਵਿੱਚ ਅਸੀਂ ਸਾਰੇ ਇਸ ਹਾਦਸੇ ਤੋਂ ਪ੍ਰਭਾਵਿਤ ਲੋਕਾਂ ਦੇ ਨਾਲ ਹਾਂ। ਇਸ ਦੌਰਾਨ ਪ੍ਰੀਮੀਅਰ ਹੈਦਰ ਸਟੀਫਨਸਨ ਨੇ ਵੀ ਬਿਆਨ ਜਾਰੀ ਕਰਕੇ ਫਰਸਟ ਰਿਸਪਾਂਡਰਜ਼ ਦੀ ਸ਼ਲਾਘਾ ਕੀਤੀ ਤੇ ਪ੍ਰਭਾਵਿਤ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ।

# ਕੌਂਸਲੇਟ ਜਨਰਲ ਟੋਰਾਂਟੋ ਸ਼੍ਰੀਮਤੀ ਅਪੂਰਵਾ ਸ਼੍ਰੀਵਾਸਤਵਾ ਦੇ ਸਨਮਾਨ 'ਚ ਸਮਾਗਮ ਕਰਵਾਇਆ



ਬਰੈਂਪਟਨ, 15 ਜੂਨ (ਪੋਸਟ ਬਿਊਰੋ): ਬਰੈਂਪਟਨ ਦੇ ਸਪਰੈਂਜਾ ਬੈਂਕੁਅਟ ਹਾਲ ਵਿਖੇ ਪੰਜਾਬੀ ਮੀਡੀਆ ਫ੍ਰੈਂਡਜ਼ ਅਤੇ ਗ੍ਰੇਟ ਫਰੈਂਡਜ ਕਲੱਬ ਵੱਲੋਂ ਬੀਤੇ ਸਾਢੇ ਤਿੰਨ ਸਾਲਾਂ ਤੋਂ ਤਾਇਨਾਤ ਭਾਰਤੀ ਕਾਂਸਲੇਟ ਜਨਰਲ ਟਰਾਂਟੋ ਸ਼੍ਰੀਮਤੀ ਅਪੂਰਵਾ ਸ਼੍ਰੀਵਾਸਤਵਾ ਜੀ ਨੂੰ ਸ਼ਾਨਦਾਰ ਵਿਦਾਇਗੀ ਡਿਨਰ ਦਿੱਤਾ ਗਿਆ। ਇਸ ਮੌਕੇ ਜਗਦੀਸ਼ ਗਰੇਵਾਲ ਨੇ ਸਭ ਮਹਿਮਾਨਾਂ ਨੂੰ ਜੀ ਆਇਆਂ ਆਖਿਆ, ਹੋਰ ਬੁਲਾਰਿਆਂ ਵਿੱਚ ਯੁਧਵੀਰ ਜਸਵਾਲ ਨੇ ਸ਼੍ਰੀਮਤੀ ਅਪੂਰਵਾ ਸ਼੍ਰੀਵਾਸਤਵਾ ਨੂੰ ਜੀ ਆਇਆਂ ਆਖਿਆ, ਅਮਰ ਸਿੰਘ ਭੁੱਲਰ ਵੱਲੋਂ ਵੀ ਸਟੇਜ ਤੋਂ ਬੋਲਦਿਆਂ ਸ਼੍ਰੀਮਤੀ ਅਪੂਰਵਾ ਸ਼੍ਰੀਵਾਸਤਵਾ ਦੇ ਕਾਰਜਕਾਲ ਦੀ ਸ਼ਲਾਘਾ ਕੀਤੀ ਗਈ। ਇਸੇ ਤਰ੍ਹਾਂ ਰਜਿੰਦਰ ਸੈਣੀ ਵਲੋਂ ਵੀ ਸ਼੍ਰੀਮਤੀ ਅਪੂਰਵਾ ਸ਼੍ਰੀਵਾਸਤਵਾ ਜੀ ਆਇਆਂ ਆਖਿਆ ਗਿਆ। ਸ਼੍ਰੀਮਤੀ ਅਪੂਰਵਾ ਸ਼੍ਰੀਵਾਸਤਵਾ ਨੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਉਨ੍ਹਾਂ ਦਾ ਟੋਰਾਂਟੋ ਵਿੱਚ ਸਮਾਂ ਬਹੁਤ ਵਧੀਆ ਰਿਹਾ, ਆਪਣੇ ਕਾਰਜਕਾਲ ਵਿਚ ਕੀਤੇ ਕੰਮਾਂ ਬਾਰੇ ਉਨ੍ਹਾਂ ਜਾਣਕਾਰੀ ਵੀ ਦਿੱਤੀ ਅਤੇ ਕਿਹਾ ਕਿ ਪੰਜਾਬੀ ਮੀਡੀਆ ਦਾ ਉਨ੍ਹਾਂ ਨੂੰ ਬਹੁਤ ਸਹਿਯੋਗ ਮਿਲਿਆ,

...ਬਾਕੀ ਪੰਨਾ 3 'ਤੇ

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

# ਮਨੋਰੰਜਨ ਦਾ ਭੰਡਾਰ ਲੈ ਕੇ ਤੁਹਾਡੇ ਦਰ ਆ ਰਹੀ ਹੈ ਰੌਇਲ ਕੈਨੇਡੀਅਨ ਇੰਟਰਨੈਸ਼ਨਲ ਸਰਕਸ

ਓਨਟਾਰੀਓ, 15 ਜੂਨ (ਪੋਸਟ ਬਿਊਰੋ) : ਰੌਇਲ ਕੈਨੇਡੀਅਨ ਇੰਟਰਨੈਸ਼ਨਲ ਸਰਕਸ 2023, 29 ਜੂਨ ਤੋਂ 27 ਅਗਸਤ ਤੱਕ ਇਟੋਬੀਕੋ, ਬਰੈਂਪਟਨ, ਪਿੱਕਰਿੰਗ, ਸਕਾਰਬਰੋ, ਮਿਸੀਸਾਗਾ ਤੇ ਬਰਲਿੰਗਟਨ ਆ ਰਹੀ ਹੈ। ਇਸ ਦੌਰਾਨ 80 ਕਮਾਲ ਦੇ ਸ਼ੋਅ ਵਿਖਾਏ ਜਾਣਗੇ। ਇਸ ਵਾਰੀ ਸਰਕਸ ਵਿੱਚ ਮਨੋਰੰਜਨ ਦਾ ਭਰਪੂਰ ਭੰਡਾਰ ਹੈ, ਜਿਸ ਨਾਲ ਦਰਸ਼ਕ ਖੁਸ਼ੀ, ਹੈਰਾਨੀ ਤੇ ਰੋਮਾਂਚ ਨਾਲ ਭਰ ਜਾਣਗੇ। ਰੌਇਲ ਕੈਨੇਡੀਅਨ ਇੰਟਰਨੈਸ਼ਨਲ ਸਰਕਸ 2023 ਵਿੱਚ ਕਈ ਪਰਿਵਾਰ ਕਈ ਪੀੜ੍ਹੀਆਂ ਤੋਂ ਕੰਮ ਕਰ ਰਹੇ ਹਨ ਤੇ ਇਸ ਦੇ ਮੈਂਬਰ ਦੁਨੀਆਂ ਭਰ ਤੋਂ ਇਸ ਨਾਲ ਜੁੜੇ ਹੋਏ ਹਨ।

...ਬਾਕੀ ਪੰਨਾ 3 'ਤੇ



INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX Insurance Brokers Ltd. 7050A Bramalea Rd, Unit # 13, Mississauga, ON L5S 1T1

OURR HOME & APPLIANCES
"Ourr Home In Every Home"
GET SPECIAL DISCOUNTS ON PACKAGES
HOT SUMMER Deal $1699*
SWASH THE SMART WAY TO WASH
The Perfect Laundry Pairing
JANUARY 5, 2023 - JANUARY 3, 2024
Whirlpool MAYTAG AMANA
Buy any qualifying laundry pair and claim online for a one year supply (3 x 887 mL bottles) of Swash Laundry Detergent at swashpromo.ca
JENNAIR LUXURY REDEFINED
APRIL 1 - JUNE 30, 2023
10% 15% 20% INSTANT SAVINGS
INDUCTION-READY COOKWARE BONUS OFFER
REWARD YOURSELF
From March 30 - June 28, 2023
BUY MORE SAVE MORE
BUY 1-2 APPLIANCES 15% OFF* | BUY 3-4 APPLIANCES 20% OFF* | BUY 5+ APPLIANCES 25% OFF
KitchenAid moffat MAYTAG LG SAMSUNG Electrolux JENNAIR BOSCH Whirlpool
5781 Highway 7 Unit 10 Vaughan, ON L4L 1T8 (416) 477-5556 | 44 Fasken Dr, #2-9 Etobicoke, ON M9W 5M8 (416) 792-0877 | Unit #1, 241 Clarence St Brampton, On L6W 3E7 (416) 551-3343 | Unit #4 -1540 Fanshawe Park Road West London, On N6H 5L8 (519) 641-1010 | Unit #6 – 410 Lewis Road Stoney Creek, On L8E 5Y7 (905) 643-0818 | 1050 Speers Road Oakville, On L6L 2X4 (416) 613-0555
416-551-5553
WWW.OURRHOMEAPPLIANCES.COM

SUPER VISA INSURANCE EXPERTS
Punjab Insurance Inc
RANJIT GILL Insurance Advisor
Ph: 416-724-5000
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
7003 Steeles Ave. W, Unit 10, Etobicoke, ON, M9W 0A2
gill@punjabinsurance.ca topinsuranceservices.ca

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A to Z Pest Control Inc. Residential - Commercial - Industrial
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25 Years
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL (Government Approved Licensed Technician)
416 938 4598

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀ ਇੰਸਟਰਕਟਰ
- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
647-998-7500 ਬਲਵਿੰਦਰ

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


## ਅੱਜ ਨਾਮਾ

ਅਮੀਰਾਂ ਵਿੱਚ ਹੈ ਮੁਲਕ ਲਈ ਵਫਾ ਏਨੀ,
ਦਾਅਵੇ ਕਰਦਿਆਂ ਟੱਪਣ ਪਏ ਹੱਦ ਬੇਲੀ।
ਹਰ ਸਰਕਾਰ ਦੇ ਵਿੱਚ ਉਹ ਪਾਉਣ ਕੁੰਡੀ,
ਕਿਵੇਂ ਵੀ ਲਵੇ ਕੋਈ ਉਨ੍ਹਾਂ ਨੰ ਸੱਦ ਬੇਲੀ।
ਮਿਲਦਾ ਅਫਸਰ ਜਾਂ ਮੰਤਰੀ ਕੋਈ ਭਾਵੇਂ,
ਆਪਣੇ ਹਿੱਤਾਂ ਲਈ ਖੋਲ੍ਹਣਗੇ ਮੱਦ ਬੇਲੀ।
ਬਾਹਲੇ ਵੱਡੇ ਉਹਬਾਹਰ ਨੇ ਬਣੇ ਫਿਰਦੇ,
ਅਸਲੀ ਹੁੰਦਾ ਈ ਬੌਣਾ ਜਿਹਾ ਕੱਦ ਬੇਲੀ।
ਹਰ ਇੱਕ ਥਾਂ ਹੀ ਲਿਲਕੜੀ ਪਏ ਕੱਢਣ,
ਕੋਟਾ, ਪਰਮਿਟ ਜਾਂ ਮੰਗਣਗੇ ਹੋਰ ਬੇਲੀ।
ਲੈਂਦੇ ਸਾਰੀ ਖੈਰਾਤ ਆ ਮਿਲ-ਮਿਲਾ ਕੇ,
ਅੰਦਰੋਂ ਸਿਰਫ ਨੇ ਬੁੱਕਲ ਦੇ ਚੋਰ ਬੇਲੀ।

**ਤੀਸ ਮਾਰ ਖਾਂ**

# ਓਨਟਾਰੀਓ ਦੀਆਂ ਹੋਰਨਾਂ ਮਿਊਂਸਪੈਲਿਟੀਜ਼ ਤੱਕ ਵੀ ਸਟਰਾਂਗ ਮੇਅਰ ਪਾਵਰਜ਼ ਦਾ ਪਸਾਰ ਕਰੇਗੀ ਫੋਰਡ ਸਰਕਾਰ

ਓਨਟਾਰੀਓ, 15 ਜੂਨ (ਪੋਸਟ ਬਿਊਰੋ) : ਫੋਰਡ ਸਰਕਾਰ ਵੱਲੋਂ ਸਟਰਾਂਗ ਮੇਅਰ ਪਾਵਰਜ਼ ਦਾ ਪਸਾਰ ਪ੍ਰੋਵਿੰਸ ਦੀਆਂ ਹੋਰਨਾਂ ਮਿਊਂਸਪੈਲਿਟੀਜ਼ ਤੱਕ ਵੀ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਨ੍ਹਾਂ ਮਿਊਂਸਪੈਲਿਟੀਜ਼ ਵਿੱਚ ਓਕਵਿੱਲ, ਹੈਮਿਲਟਨ, ਮਿਲਟਨ ਤੇ ਨਾਇਗਰਾ ਫਾਲਜ਼ ਸ਼ਾਮਲ ਹਨ।



ਇਸ ਸਬੰਧ ਵਿੱਚ ਐਲਾਨ ਸ਼ੁੱਕਰਵਾਰ ਸਵੇਰੇ ਕੁਈਨਜ਼ ਪਾਰਕ ਵਿੱਚ ਓਨਟਾਰੀਓ ਦੇ ਮਿਊਂਸਪਲ ਅਫੇਅਰਜ਼ ਤੇ ਹਾਊਸਿੰਗ ਮੰਤਰੀ ਸਟੀਵ ਕਲਾਰਕ ਵੱਲੋਂ ਕੀਤੇ ਜਾਣ ਦੀ ਸੰਭਾਵਨਾ ਹੈ।ਪ੍ਰੀਮੀਅਰ ਡੱਗ ਫੋਰਡ ਅਕਸਰ ਇਸ ਲਈ ਸਕਾਰਾਤਮਕ ਰੌਅ ਵਿਖਾ ਚੁੱਕੇ ਹਨ ਕਿ ਹੌਲੀ ਹੌਲੀ ਹੋਰਨਾਂ ਮਿਊਂਸਪੈਲਿਟੀਜ਼ ਨੂੰ ਵੀ ਸਟਰਾਂਗ ਮੇਅਰ ਪਾਵਰਜ਼ ਮਿਲਣਗੀਆਂ। ਫੋਰਡ ਦਾ ਮੰਨਣਾ ਹੈ ਕਿ ਇਸ ਨਾਲ ਹਾਊਸਿੰਗ ਦੇ ਨਿਰਮਾਣ ਵਰਗੀਆਂ ਪ੍ਰੋਵਿੰਸ਼ੀਅਲ ਤਰਜੀਹਾਂ ਨਾਲ ਸਬੰਧਤ ਕਿਸੇ ਤਰ੍ਹਾਂ ਦੇ ਮਸਲੇ ਲਈ ਲੀਡਰਜ਼ ਨੂੰ ਵੀਟੋ ਕਰਨ ਦੀ ਸ਼ਕਤੀ ਮਿਲੇਗੀ।

ਟੋਰਾਂਟੋ ਤੇ ਓਟਵਾ ਤੋਂ ਇਲਾਵਾ ਸਟਰਾਂਗ ਮੇਅਰ ਪਾਵਰਜ਼ ਦੇ ਪਸਾਰ ਲਈ ਵੱਖ ਵੱਖ ਰੀਜਨਲ ਸਰਕਾਰਾਂ ਦਾ ਮੁਲਾਂਕਣ ਕਰਨ ਵਾਸਤੇ ਫੈਸਿਲੀਟੇਟਰ ਨਿਯੁਕਤ ਕਰਨ ਲਈ ਕਲਾਰਕ ਤੇ ਪ੍ਰੋਵਿੰਸ ਮਸ਼ਰੂਫ ਸਨ। ਅਮਰੀਕਾ ਦੀ ਤਰਜ਼ ਦਾ ਇਹ ਸਟਰਾਂਗ ਮੇਅਰ ਸਿਸਟਮ ਐਗਜ਼ੈਕਟਿਵ ਸ਼ਕਤੀਆਂ ਦੇ ਮੇਅਰ ਤੱਕ ਕੇਂਦਰੀਕਰਨ ਨਾਲ ਤਿਆਰ ਕੀਤਾ ਗਿਆ ਹੈ। ਇਸ ਤਹਿਤ ਡਿਪਾਰਟਮੈਂਟ ਹੈੱਡ ਦੀਆਂ ਨਿਯੁਕਤੀਆਂ, ਬਜਟ ਦੀ ਨਿਗਰਾਨੀ ਕਰਨ ਤੇ ਕਈ ਵਾਰੀ ਵੀਟੋ ਪਾਵਰ ਦੀ ਵਰਤੋਂ ਕਰਨ ਦਾ ਅਖ਼ਤਿਆਰ ਮੇਅਰ ਕੋਲ ਹੀ ਕੇਂਦਰਿਤ ਹੁੰਦਾ ਹੈ।

ਦਸੰਬਰ 2022 ਵਿੱਚ ਓਨਟਾਰੀਓ ਵੱਲੋਂ ਬਿੱਲ ਪਾਸ ਕਰਕੇ ਮੇਅਰ ਨੂੰ ਵੱਧ ਸ਼ਕਤੀਆਂ ਦੇਣ ਦਾ ਫੈਸਲਾ ਕੀਤਾ ਗਿਆ ਸੀ। ਇਹ ਬਿੱਲ ਸ਼ੁਰੂ ਵਿੱਚ ਟੋਰਾਂਟੋ ਤੇ ਓਟਵਾ ਦੇ ਮੇਅਰਜ਼ ਦੀ ਸਥਿਤੀ ਨੂੰ ਮਜ਼ਬੂਤ ਕਰਨ ਲਈ ਡਿਜ਼ਾਈਨ ਕੀਤਾ ਗਿਆ ਸੀ। ਹੁਣ ਸਰਕਾਰ ਵੱਲੋਂ ਇਸ ਦਾ ਪਸਾਰ ਕੀਤਾ ਜਾ ਰਿਹਾ ਹੈ।

# ਲਿਬਰਲਾਂ ਨੇ ਪੇਸ਼ ਕੀਤਾ ਸਸਟੇਨੇਬਲ ਜੌਬਜ਼ ਬਿੱਲ

ਓਟਵਾ, 15 ਜੂਨ (ਪੋਸਟ ਬਿਊਰੋ) : ਨਵੀਆਂ ਨੌਕਰੀਆਂ ਸਿਰਜਣ ਤੇ ਨੌਕਰੀਆਂ ਦੀ ਹਿਫਾਜ਼ਤ ਕਰਨ ਲਈ ਲਿਬਰਲਾਂ ਵੱਲੋਂ ਸਸਟੇਨੇਬਲ ਜੌਬਜ਼ ਬਿੱਲ ਪੇਸ਼ ਕੀਤਾ ਗਿਆ।


ਵੀਰਵਾਰ ਨੂੰ ਬਿੱਲ ਪੇਸ਼ ਕਰਦੇ ਸਮੇਂ ਨੈਚੁਰਲ ਰਿਸੋਰਸਿਜ਼ ਮੰਤਰੀ ਜੌਨਾਥਨ ਵਿਲਕਿੰਸਨ ਨੇ ਆਖਿਆ ਕਿ ਇਹ ਨਵਾਂ ਬਿੱਲ, ਨਵੀਆਂ ਨੌਕਰੀਆਂ ਲਿਆਉਣ ਤੇ ਪਹਿਲਾਂ ਤੋਂ ਹੀ ਮੌਜੂਦ ਨੌਕਰੀਆਂ ਦੀ ਹਿਫਾਜ਼ਤ ਕਰਨ ਲਈ, ਫੈਡਰਲ ਸਰਕਾਰ ਉੱਤੇ ਦਬਾਅ ਪਾਉਣ ਵਾਸਤੇ ਪੇਸ਼ ਕੀਤਾ ਗਿਆ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਕਲੀਨ ਐਨਰਜੀ ਅਰਥਚਾਰੇ ਵੱਲ ਮੁਹਾਰ ਪਹਿਲਾਂ ਹੀ ਮੁੜ ਚੁੱਕੀ ਹੈ। ਉਨ੍ਹਾਂ ਆਖਿਆ ਕਿ ਇਸ ਦਾ ਮਤਲਬ ਕੈਨੇਡਾ ਦੀ ਤੇਲ ਤੇ ਗੈਸ ਇੰਡਸਟਰੀ ਨੂੰ ਬੰਦ ਕਰ ਦੇਣਾ ਨਹੀਂ ਹੈ।

ਇੱਕ ਇੰਟਰਵਿਊ ਵਿੱਚ ਵਿਲਕਿੰਸਨ ਨੇ ਆਖਿਆ ਕਿ ਦੋਵਾਂ ਨੂੰ ਨਾਲੋ ਨਾਲ ਚਲਾਉਣ ਦਾ ਕੈਨੇਡਾ ਕੋਲ ਦਮ ਹੈ ਪਰ ਫੌਸਿਲ ਫਿਊਲ ਸੈਕਟਰ ਉਸ ਸੂਰਤ ਵਿੱਚ ਹੀ ਚੱਲਦਾ ਰਹਿ ਸਕਦਾ ਹੈ ਬਸ਼ਰਤੇ ਉਹ ਗ੍ਰੀਨ ਹਾਊਸ ਗੈਸਾਂ ਦੇ ਰਿਸਾਅ ਨੂੰ ਖ਼ਤਮ ਕਰਨ ਲਈ ਤੇਲ ਤੇ ਗੈਸ ਨੂੰ ਕੱਢਣ ਤੇ ਰਿਫਾਈਨ ਕਰਨ ਲਈ ਤਕਨਾਲੋਜੀ ਵਿੱਚ ਵੱਡਾ ਨਿਵੇਸ਼ ਕਰੇ। ਇਸ ਨਾਲ ਹੀ ਨਵੀਆਂ ਨੌਕਰੀਆਂ ਲਈ ਰਾਹ ਖੁੱਲ੍ਹ ਜਾਣਗੇ। ਉਨ੍ਹਾਂ ਆਖਿਆ ਕਿ ਮੁੜ ਨੰਵਿਆਈ ਜਾ ਸਕਣ ਵਾਲੀ ਐਨਰਜੀ ਦੇ ਖੇਤਰ ਵਿੱਚ ਵੀ ਨੌਕਰੀਆਂ ਦੀ ਭਰਮਾਰ ਹੈ।

ਸਰਕਾਰ ਦਾ ਕਹਿਣਾ ਹੈ ਕਿ ਕਲੀਨ ਐਨਰਜੀ ਇਕੌਨਮੀ ਹੀ ਇਸ ਦਹਾਕੇ ਦੇ ਮੁੱਕਣ ਤੋਂ ਪਹਿਲਾਂ 400,000 ਨੌਕਰੀਆਂ ਪੈਦਾ ਕਰਨ ਦੇ ਸਮਰੱਥ ਹੈ। ਇਹ ਨਵਾਂ ਬਿੱਲ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਕਿ ਫੈਡਰਲ ਸਰਕਾਰ ਇਹ ਯਕੀਨੀ ਬਣਾਵੇ ਕਿ ਕੈਨੇਡਾ ਕੋਲ ਇਨ੍ਹਾਂ ਨੌਕਰੀਆਂ ਨੂੰ ਹਾਸਲ ਕਰਨ ਲਈ ਤਿਆਰ ਰਹਿਣ ਵਾਲੀ ਵਰਕਫੋਰਸ ਮੌਜੂਦ ਹੋਵੇ। ਪਰ ਇਸ ਬਿੱਲ ਵਿੱਚ ਕਿਤੇ ਵੀ ਇਹ ਨਹੀਂ ਆਖਿਆ ਗਿਆ ਕਿ ਨੌਕਰੀਆਂ ਬਾਰੇ ਸਰਕਾਰ ਕਿਹੋ ਜਿਹੀ ਕਾਰਵਾਈ ਕਰੇਗੀ।

# ਟਰੱਕ ਵੱਲੋਂ ਕਰੂਜ਼ਰ ਨੂੰ ਟੱਕਰ ਮਾਰੇ ਜਾਣ ਕਾਰਨ ਇੱਕ ਪੁਲਿਸ ਅਧਿਕਾਰੀ ਜ਼ਖ਼ਮੀ

ਟੋਰਾਂਟੋ, 15 ਜੂਨ (ਪੋਸਟ ਬਿਊਰੋ) : ਟੋਰਾਂਟੋ ਤੇ ਮਾਰਖ਼ਮ ਬਾਰਡਰ ਨੇੜੇ ਕੈਨੇਡਾ ਪੋਸਟ ਦੇ ਟਰੱਕ ਵੱਲੋਂ ਕਰੂਜ਼ਰ ਨੂੰ ਟੱਕਰ ਮਾਰੇ ਜਾਣ ਕਾਰਨ ਇੱਕ ਪੁਲਿਸ ਅਧਿਕਾਰੀ ਜ਼ਖ਼ਮੀ ਹੋ ਗਿਆ। ਇਲਾਜ ਲਈ ਉਸ ਨੂੰ ਹਸਪਤਾਲ ਲਿਜਾਇਆ ਗਿਆ।




ਬੁੱਧਵਾਰ ਨੂੰ ਹਾਈਵੇਅ 404 ਨੇੜੇ ਸਟੀਲਜ਼ ਐਵਨਿਊ ਉੱਤੇ ਰਾਤੀਂ 2:40 ਦੇ ਨੇੜੇ ਤੇੜੇ ਵਾਪਰੇ ਇਸ ਹਾਦਸੇ ਦੀ ਜਾਣਕਾਰੀ ਦੇਣ ਤੋਂ ਬਾਅਦ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ।ਪੁਲਿਸ ਨੇ ਦੱਸਿਆ ਕਿ ਕੈਨੇਡੀਅਨ ਪੋਸਟ ਦਾ ਟਰੱਕ, ਪਹਿਲਾਂ ਤੋਂ ਪਾਰਕ ਕੀਤੀ ਗਈ ਪੁਲਿਸ ਕਰੂਜ਼ਰ ਦੇ ਨਾਲ ਜਾ ਟਕਰਾਇਆ।ਅਜੇ ਪੁਲਿਸ ਅਧਿਕਾਰੀ ਆਪਣਾ ਟਰੈਫਿਕ ਸਟੌਪ ਜਾਂਚਣ ਤੋਂ ਬਾਅਦ ਇੱਥੇ ਪਾਰਕ ਕਰੂਜ਼ਰ ਵਿੱਚ ਹੀ ਚੜ੍ਹਿਆ ਸੀ ਕਿ ਟਰੱਕ ਆ ਕੇ ਕਰੂਜ਼ਰ ਨਾਲ ਟਕਰਾਅ ਗਿਆ।

ਕਰੂਜ਼ਰ ਵਿੱਚ ਸਵਾਰ ਪੁਰਸ਼ ਅਧਿਕਾਰੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਇਸ ਹਾਦਸੇ ਵਿੱਚ ਕਿਸੇ ਹੋਰ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ।ਟੋਰਾਂਟੋ ਪੁਲਿਸ ਸਰਵਿਸਿਜ਼ ਕੋਲੀਜ਼ਨ ਯੂਨਿਟ ਵੱਲੋਂ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਮਿਸੀਸਾਗਾ ਦੇ ਲੇਕਫਰੰਟ ਪ੍ਰੋਮਨੇਡ ਇਲਾਕੇ ਵਿੱਚੋਂ ਮਿਲੀ ਲਾਸ਼



ਓਨਟਾਰੀਓ, 15 ਜੂਨ (ਪੋਸਟ ਬਿਊਰੋ) : ਮਿਸੀਸਾਗਾ ਦੇ ਲੇਕਫਰੰਟ ਪ੍ਰੋਮਨੇਡ ਇਲਾਕੇ ਵਿੱਚ ਇੱਕ ਸਵਿੰਮਰ ਨੂੰ ਦਿੱਕਤ ਪੇਸ਼ ਆਉਣ ਦੀਆਂ ਰਿਪੋਰਟਾਂ ਮਿਲਣ ਤੋਂ ਕੁੱਝ ਸਮੇਂ ਬਾਅਦ ਲੇਕ ਓਨਟਾਰੀਓ ਤੋਂ ਇੱਕ ਲਾਸ਼ ਬਾਹਰ ਕੱਢੀ ਗਈ।

ਇੱਕ ਸਵਿੰਮਰ ਨੂੰ ਪਾਣੀ ਵਿੱਚ ਦਿੱਕਤ ਹੋਣ ਦੀ ਰਿਪੋਰਟ ਦੇ ਕੇ ਐਮਰਜੰਸੀ ਅਮਲੇ ਨੂੰ ਇਲਾਕੇ ਵਿੱਚ ਸੱਦਿਆ ਗਿਆ। ਬੁੱਧਵਾਰ ਨੂੰ ਪੁਲਿਸ ਸ਼ਾਮੀਂ 5:00 ਵਜੇ ਦੇ ਨੇੜੇ ਤੇੜੇ ਮੌਕੇ ਉੱਤੇ ਪਹੁੰਚੀ। ਪਾਰਕ ਦੇ ਪੱਛਮੀ ਹਿੱਸੇ ਵੱਲ ਡਾਈਵਰਜ਼ ਨੂੰ ਵੇਖਿਆ ਗਿਆ।

ਪੁਲਿਸ ਵੱਲੋਂ ਬਾਅਦ ਵਿੱਚ ਇੱਕ ਵਿਅਕਤੀ ਦੀ ਲਾਸ਼ ਪਾਣੀ ਵਿੱਚੋਂ ਮਿਲਣ ਦੀ ਪੁਸ਼ਟੀ ਕੀਤੀ ਗਈ। ਸਵਿੰਮਰ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਇਲਾਕੇ ਵਿੱਚ ਭਾਰੀ ਮਾਤਰਾ ਵਿੱਚ ਪੁਲਿਸ ਵੀ ਵੇਖੀ ਗਈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਕ੍ਰੌਂਬੀ ਨੇ ਓਨਟਾਰੀਓ ਦੀ ਲਿਬਰਲ ਪਾਰਟੀ ਦਾ ਆਗੂ ਬਣਨ ਲਈ ਕੈਂਪੇਨ ਦੀ ਕੀਤੀ ਸ਼ੁਰੂਆਤ

ਮਿਸੀਸਾਗਾ, 15 ਜੂਨ (ਪੋਸਟ ਬਿਊਰੋ) : ਮਿਸੀਸਾਗਾ ਦੀ ਮੇਅਰ ਬੌਨੀ ਕ੍ਰੌਂਬੀ ਨੇ ਓਨਟਾਰੀਓ ਦੀ ਲਿਬਰਲ ਪਾਰਟੀ ਦੇ ਆਗੂ ਦੇ ਅਹੁਦੇ ਦੀ ਦੌੜ ਵਿੱਚ ਹਿੱਸਾ ਲੈਣ ਲਈ ਅੱਜ ਰਸਮੀ ਤੌਰ ਉੱਤੇ ਆਪਣੀ ਕੈਂਪੇਨ ਦੀ ਸ਼ੁਰੂਆਤ ਕੀਤੀ।



ਡੌਨ ਵੈਲੀ ਵੈਸਟ ਤੋਂ ਐਮਪੀਪੀ ਸਟੈਫਨੀ ਬੋਅਮੈਨ ਨੇ ਬੁੱਧਵਾਰ ਨੂੰ ਪ੍ਰੈੱਸ ਕਾਨਫਰੰਸ ਦੌਰਾਨ ਕ੍ਰੌਂਬੀ ਨੂੰ ਸਮਰਥਨ ਦੇਣ ਦਾ ਖੁੱਲ੍ਹ ਕੇ ਐਲਾਨ ਕੀਤਾ ਤੇ ਉਹ ਮਿਸੀਸਾਗਾ ਮੇਅਰ ਦੀ ਕੈਂਪੇਨ ਨੂੰ ਕੋ-ਚੇਅਰ ਕਰੇਗੀ। ਕ੍ਰੌਂਬੀ ਨੇ ਆਖਿਆ ਕਿ ਉਹ ਪਾਰਟੀ ਨੂੰ ਮੁੜ ਸੁਰਜੀਤ ਕਰਨਾ ਚਾਹੁੰਦੀ ਹੈ, ਪਾਰਟੀ ਦਾ ਪੁਨਰ ਨਿਰਮਾਣ ਕਰਨਾ ਚਾਹੁੰਦੀ ਹੈ ਤੇ ਪਾਰਟੀ ਵਿੱਚ ਨਵੀਂ ਰੂਹ ਫੂਕਣਾ ਚਾਹੁੰਦੀ ਹੈ। ਕ੍ਰੌਂਬੀ ਨੇ ਇਹ ਵੀ ਆਖਿਆ ਕਿ ਪ੍ਰੋਵਿੰਸ ਭਰ ਦੇ ਲਿਬਰਲਾਂ ਨਾਲ ਵੀ ਉਨ੍ਹਾਂ ਵੱਲੋਂ ਗੱਲਬਾਤ ਕੀਤੀ ਗਈ ਹੈ ਜਿਹੜੇ ਮੰਨਦੇ ਹਨ ਕਿ ਪਾਰਟੀ ਵਿੱਚ ਵੱਡਾ ਬਦਲਾਅ ਕੀਤੇ ਜਾਣ ਦੀ ਲੋੜ ਹੈ।

ਉਨ੍ਹਾਂ ਆਖਿਆ ਕਿ ਲਿਬਰਲ ਪਾਰਟੀ ਪ੍ਰੋਵਿੰਸ ਦੇ ਉੱਤਰੀ ਹਿੱਸੇ ਤੋਂ ਲੈ ਕੇ ਰੂਰਲ ਕਮਿਊਨਿਟੀਜ਼ ਦੇ ਨਾਲ ਨਾਲ ਨਿੱਕੇ ਟਾਊਨਜ਼ ਤੇ ਵੱਡੇ ਸ਼ਹਿਰਾਂ, ਸੱਭ ਦੀ ਨੁਮਾਇੰਦਗੀ ਕਰਦੀ ਹੈ। ਸਾਨੂੰ ਪਾਰਟੀ ਦੇ ਉਮਰਦਰਾਜ਼ ਹੋ ਚੁੱਕੇ ਇਨਫਰਾਸਟ੍ਰਕਚਰ ਦਾ ਪੁਨਰ ਨਿਰਮਾਣ ਕਰਨਾ ਹੋਵੇਗਾ ਤੇ ਇਸ ਨੂੰ ਸਮੇਂ ਦੇ ਹਾਣ ਦਾ ਬਣਾਉਣਾ ਹੋਵੇਗਾ। ਹੋਰਨਾਂ ਪਾਰਟੀਆਂ ਨੂੰ ਬਰਾਬਰ ਦੀ ਟੱਕਰ ਦੇਣ ਲਈ ਸਾਨੂੰ ਫੰਡ ਇੱਕਠੇ ਕਰਨੇ ਪੈਣਗੇ।

ਇਸ ਦੌੜ ਵਿੱਚ ਸ਼ਾਮਲ ਹੋਣ ਵਾਲੀ ਕ੍ਰੌਂਬੀ ਚੌਥੀ ਉਮੀਦਵਾਰ ਬਣ ਗਈ ਹੈ। ਉਨ੍ਹਾਂ ਤੋਂ ਇਲਾਵਾ ਇਸ ਦੌੜ ਵਿੱਚ ਐਮਪੀ ਨੇਟ ਅਰਸਕਿਨ-ਸਮਿੱਥ, ਐਮਪੀ ਤੇ ਓਨਟਾਰੀਓ ਤੋਂ ਸਾਬਕਾ ਕੈਬਨਿਟ ਮੰਤਰੀ ਯਾਸਿਰ ਨਕਵੀ, ਮੌਜੂਦਾ ਪ੍ਰੋਵਿੰਸ਼ੀਅਲ ਕਾਕਸ ਮੈਂਬਰ ਤੇ ਸਾਬਕਾ ਐਮਪੀ ਟੈੱਡ ਸੂ ਸ਼ਾਮਲ ਹਨ।

# ਬੈੱਲ ਨੇ 1300 ਮੁਲਾਜ਼ਮਾਂ ਦੀ ਕੀਤੀ ਛਾਂਗੀ, ਨੌਂ ਰੇਡੀਓ ਸਟੇਸ਼ਨ ਵੀ ਕੀਤੇ ਜਾ ਰਹੇ ਹਨ ਬੰਦ

ਓਟਵਾ, 15 ਜੂਨ (ਪੋਸਟ ਬਿਊਰੋ) : ਬੀਸੀਈ ਇਨਕਾਰਪੋਰੇਸ਼ਨ ਵੱਲੋਂ ਬੁੱਧਵਾਰ ਨੂੰ ਆਪਣੇ 1300 ਮੁਲਾਜ਼ਮਾਂ ਦੀ ਛਾਂਗੀ ਕਰਨ ਦਾ ਐਲਾਨ ਕੀਤਾ ਗਿਆ। ਕੁੱਲ ਮਿਲਾ ਕੇ ਇਹ ਛਾਂਗੀਆਂ ਕੰਪਨੀ ਦੀ ਵਰਕਫੋਰਸ ਦਾ ਤਿੰਨ ਫੀ ਸਦੀ ਬਣਦੀਆਂ ਹਨ। ਇਸ ਤੋਂ ਇਲਾਵਾ ਕੰਪਨੀ ਨੇ ਨੌਂ ਰੇਡੀਓ ਸਟੇਸ਼ਨ ਬੰਦ ਕਰਨ ਜਾਂ ਵੇਚਣ ਦਾ ਐਲਾਨ ਵੀ ਕੀਤਾ ਹੈ।




ਇਨ੍ਹਾਂ ਛਾਂਗੀ ਕੀਤੇ ਮੁਲਾਜ਼ਮਾਂ ਵਿੱਚ ਬੈੱਲ ਮੀਡੀਆ ਦੇ ਛੇ ਫੀ ਸਦੀ ਮੁਲਾਜ਼ਮ ਵੀ ਹਨ।ਬੈੱਲ ਦੇ ਕੁੱਝ ਆਲ੍ਹਾ ਦਰਜੇ ਦੇ ਪੱਤਰਕਾਰਾਂ ਸਮੇਤ ਜਿਨ੍ਹਾਂ ਮੁਲਾਜ਼ਮਾਂ ਦੀ ਛਾਂਗੀ ਕੀਤੀ ਗਈ ਹੈ ਉਨ੍ਹਾਂ ਵੱਲੋਂ ਦਿਨ ਭਰ ਸੋਸ਼ਲ ਮੀਡੀਆ ਉੱਤੇ ਇਹ ਖਬਰ ਸਾਂਝੀ ਕੀਤੀ ਜਾਂਦੀ ਰਹੀ। ਸੀਟੀਵੀ ਨੈਸ਼ਨਲ ਨਿਊਜ਼ ਦੀ ਐਗਜ਼ੈਕਟਿਵ ਪ੍ਰੋਡਿਊਸਰ ਰੋਜ਼ਾ ਹਵਾਂਗ ਸਮੇਤ ਕੰਪਨੀ ਨੇ ਕਈ ਉੱਘੇ ਪੱਤਰਕਾਰਾਂ ਦੀ ਪ੍ਰੋਫਾਈਲ ਅਪਡੇਟ ਕਰਕੇ ਆਖਿਆ ਕਿ ਹੁਣ ਉਹ ਕੰਪਨੀ ਨਾਲ ਕੰਮ ਨਹੀਂ ਕਰ ਰਹੇ।

ਇਨ੍ਹਾਂ ਵਿੱਚ ਸੀਟੀਵੀ ਨੈਸ਼ਨਲ ਨਿਊਜ਼ ਦੇ ਓਟਵਾ ਬਿਊਰੋ ਚੀਫ ਜੌਇਸ ਨੇਪੀਅਰ, ਸੀਨੀਅਰ ਪੁਲੀਟੀਕਲ ਕਾਰੈਸਪਾਂਡੈਂਟ ਗਲੈਨ ਮੈਕਗ੍ਰੈਗਰ, ਚੀਫ ਇੰਟਰਨੈਸ਼ਨਲ ਕਾਰੈਸਪਾਂਡੈਂਟ ਪਾਲ ਵਰਕਮੈਨ, ਲੰਡਨ ਨਿਊਜ਼ ਬਿਊਰੋ ਕਾਰੈਸਪਾਂਡੈਂਟ ਡੈਨੀਅਲ ਹਮਾਮਦਜੀਆਨ ਤੇ ਲਾਸ ਏਂਜਲਸ ਬਿਊਰੋ ਚੀਫ ਟੌਮ ਵਾਲਟਰਜ਼ ਵੀ ਸ਼ਾਮਲ ਹਨ। ਅਮਰੀਕਾ ਵਿੱਚ ਮੀਡੀਆ ਇੰਡਸਟਰੀ ਵੱਲੋਂ ਇਸ ਸਾਲ 17,000 ਤੋਂ ਵੱਧ ਪੱਤਰਕਾਰਾਂ ਦੀ ਛਾਂਗੀ ਕੀਤੀ ਜਾ ਚੁੱਕੀ ਹੈ। ਇਹ ਖੁਲਾਸਾ ਅਜਿਹੀਆਂ ਛਾਂਗੀਆਂ ਦਾ ਰਿਕਾਰਡ ਰੱਖਣ ਵਾਲੀ ਮੇਅ 2023 ਚੈਲੈਂਜਰ ਰਿਪੋਰਟ ਵਿੱਚ ਕੀਤਾ ਗਿਆ।

ਸੀਟੀਵੀ ਦੇ ਲੰਡਨ, ਯੂਕੇ ਤੇ ਲਾਸ ਏਂਜਲਸ ਫੌਰਨ ਬਿਊਰੋਜ਼ ਨੂੰ ਕੰਪਨੀ ਵੱਲੋਂ ਬੰਦ ਕੀਤਾ ਜਾ ਰਿਹਾ ਹੈ ਜਦਕਿ ਵਾਸ਼ਿੰਗਟਨ, ਡੀਸੀ ਦੇ ਅਮਲੇ ਨੂੰ ਘਟਾਇਆ ਜਾ ਰਿਹਾ ਹੈ। ਕੰਪਨੀ ਨੇ ਇਹ ਵੀ ਆਖਿਆ ਕਿ ਉਸ ਵੱਲੋਂ ਵਿੰਨੀਪੈਗ ਦੇ ਫੰਨੀ 1290, ਕੈਲਗਰੀ ਦੇ ਫੰਨੀ 1060, ਐਡਮੰਟਨ ਦੇ ਟੀਐਸਐਨ 1260 ਰੇਡੀਓ, ਵੈਨਕੂਵਰ ਦੇ ਬੀਐਨਐਨ ਬਲੂਮਬਰਗ ਰੇਡੀਓ 1410 ਤੇ ਫੰਨੀ 1040 ਦੇ ਨਾਲ ਨਾਲ ਲੰਡਨ ਦੇ ਨਿਊਜ਼ ਟਾਕ 1290 ਨੂੰ ਬੰਦ ਕੀਤਾ ਜਾ ਰਿਹਾ ਹੈ।

ਇਸ ਤੋਂ ਇਲਾਵਾ ਕੰਪਨੀ ਹੈਮਿਲਟਨ ਦੇ ਏਐਮ ਰੇਡੀਓ 1150 ਤੇ ਏਐਮ 820 ਦੇ ਨਾਲ ਨਾਲ ਵਿੰਡਸਰ ਦੇ ਏਐਮ 580 ਨੂੰ ਵੇਚਣ ਜਾ ਰਹੀ ਹੈ। ਇਹ ਕਿਸ ਕੰਪਨੀ ਨੂੰ ਵੇਚੇ ਜਾ ਰਹੇ ਹਨ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਤੇ ਇਹ ਸੀਆਰਟੀਸੀ ਦੀ ਮਨਜ਼ੂਰੀ ਉੱਤੇ ਨਿਰਭਰ ਕਰਦੇ ਹਨ।

# ਹੋਟਲ ਦੀ ਤੀਜੀ ਮੰਜ਼ਿਲ ਤੋਂ ਡਿੱਗਣ ਕਾਰਨ ਵਿਅਕਤੀ ਗੰਭੀਰ ਜ਼ਖ਼ਮੀ, ਐਸਆਈਯੂ ਕਰ ਰਹੀ ਹੈ ਜਾਂਚ

ਟੋਰਾਂਟੋ, 15 ਜੂਨ (ਪੋਸਟ ਬਿਊਰੋ) : ਡਾਊਨਟਾਊਨ ਟੋਰਾਂਟੋ ਦੇ ਇੱਕ ਹੋਟਲ ਵਿੱਚ ਇੱਕ ਵਿਅਕਤੀ ਤੇ ਪੁਲਿਸ ਅਧਿਕਾਰੀਆਂ ਦਰਮਿਆਨ ਹੋਈ ਬਹਿਸ ਤੋਂ ਬਾਅਦ ਇੱਕ ਵਿਅਕਤੀ ਦੇ ਬੁਰੀ ਤਰ੍ਹਾਂ ਜ਼ਖ਼ਮੀ ਹੋ ਜਾਣ ਦੇ ਮਾਮਲੇ ਦੀ ਜਾਂਚ ਪ੍ਰੋਵਿੰਸ ਦੀ ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ (ਐਸਆਈਯੂ) ਵੱਲੋਂ ਕੀਤੀ ਜਾ ਰਹੀ ਹੈ।




ਇੱਕ ਵਿਅਕਤੀ ਦੀ ਹਾਲਤ ਠੀਕ ਨਾ ਹੋਣ ਉਪਰੰਤ ਜਾਰਵਿਸ ਤੇ ਰਿਚਮੰਡ ਸਟਰੀਟਸ ਇਲਾਕੇ ਵਿੱਚ ਸਥਿਤ ਹਾਲੀਡੇਅ ਇੰਨ ਐਕਸਪ੍ਰੈੱਸ ਹੋਟਲ ਵਿੱਚ ਸਵੇਰੇ 3:00 ਵਜੇ ਪੁਲਿਸ ਅਧਿਕਾਰੀਆਂ ਨੂੰ ਸੱਦਿਆ ਗਿਆ।ਪੈਰਾਮੈਡਿਕਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਇੱਕ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਇੱਕ ਸੂਤਰ ਨੇ ਦੱਸਿਆ ਕਿ ਇਸ ਵਿਅਕਤੀ ਨੂੰ ਹੋਟਲ ਦੀ ਖਿੜਕੀ ਵਿੱਚੋਂ ਹੇਠਾਂ ਡਿੱਗਣ ਕਾਰਨ ਐਨੀਆਂ ਸੱਟਾਂ ਲੱਗੀਆਂ।

ਘਟਨਾ ਵਾਲੀ ਥਾਂ ਦੀਆਂ ਤਸਵੀਰਾਂ ਤੋਂ ਟੁੱਟੇ ਹੋਏ ਕੱਚ, ਸਰ੍ਹਾਣੇ ਤੇ ਹੋਰ ਕਈ ਤਰ੍ਹਾਂ ਦਾ ਮਲਬਾ ਹੇਠਾਂ ਜ਼ਮੀਨ ਉੱਤੇ ਪਿਆ ਨਜ਼ਰ ਆ ਰਿਹਾ ਹੈ। ਹੋਟਲ ਦੀ ਤੀਜੀ ਮੰਜ਼ਿਲ ਦੀ ਖਿੜਕੀ ਵੀ ਟੁੱਟੀ ਹੋਈ ਮਿਲੀ। ਇਲਾਕੇ ਵਿੱਚ ਵੱਡੀ ਮਾਤਰਾ ਵਿੱਚ ਪੁਲਿਸ ਮੌਜੂਦ ਸੀ।ਜਾਂਚ ਲਈ ਜਾਰਵਿਸ ਨੂੰ ਦੋਵਾਂ ਦਿਸ਼ਾਵਾਂ ਤੋਂ ਰਿਚਮੰਡ ਤੋਂ ਐਲੀਲੇਡ ਸਟਰੀਟ ਤੱਕ ਬੰਦ ਕਰ ਦਿੱਤਾ ਗਿਆ।

# ਨਿਆਂਇਕ ਪ੍ਰਕਿਰਿਆ ਨੂੰ ਵਧੇਰੇ ਪਾਰਦਰਸ਼ੀ ਤੇ ਘੱਟ ਖਰਚੀਲਾ ਬਣਾਉਣਾ ਚਾਹੁੰਦੇ ਹਨ ਚੀਫ ਜਸਟਿਸ

ਓਟਵਾ, 15 ਜੂਨ (ਪੋਸਟ ਬਿਊਰੋ) : ਕੈਨੇਡਾ ਦੇ ਚੀਫ ਜਸਟਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਜੱਜਾਂ ਦੇ ਆਚਰਣ ਦੀ ਨਿਗਰਾਨੀ ਕਰਨ ਵਾਲੀ ਨੈਸ਼ਨਲ ਬਾਡੀ ਤੋਂ ਮੰਗ ਕੀਤੀ ਹੈ ਕਿ ਸ਼ਿਕਾਇਤਾਂ ਨਾਲ ਨਜਿੱਠਣ ਦੀ ਪ੍ਰਕਿਰਿਆ ਨੂੰ ਵਧੇਰੇ ਪਾਰਦਰਸ਼ੀ ਬਣਾਉਣ ਵੱਲ ਵਧੇਰੇ ਧਿਆਨ ਦਿੱਤਾ ਜਾਵੇ।



ਸੁਪਰੀਮ ਕੋਰਟ ਆਫ ਕੈਨੇਡਾ ਤੋਂ ਰੱਸਲ ਬ੍ਰਾਊਨ ਦੇ ਰਿਟਾਇਰ ਹੋਣ ਤੋਂ ਇੱਕ ਦਿਨ ਬਾਅਦ ਰਿਚਰਡ ਵੈਗਨਰ ਨੇ ਆਖਿਆ ਕਿ ਗਲਤ ਆਚਰਣ ਦੇ ਦੋਸ਼ਾਂ ਵਿੱਚ ਹੀ ਜਾਂਚ ਨੂੰ ਖ਼ਤਮ ਕਰਨ ਤੋਂ ਉਹ ਖੁਸ਼ ਨਹੀਂ ਹਨ। ਮੰਗਲਵਾਰ ਨੂੰ ਇੱਕ ਨਿਊਜ਼ ਕਾਨਫਰੰਸ ਵਿੱਚ ਵੈਗਨਰ ਨੇ ਆਖਿਆ ਕਿ ਇਸ ਸਮੇਂ ਕੈਨੇਡੀਅਨ ਜਿਊਡੀਸ਼ੀਅਲ ਕਾਊਂਸਲ ਵੱਲੋਂ ਮੌਜੂਦਾ ਸ਼ਿਕਾਇਤਾਂ ਦੀ ਪ੍ਰਕਿਰਿਆ ਦਾ ਜਿਹੜਾ ਧਿਆਨ ਰੱਖਿਆ ਜਾਂਦਾ ਹੈ ਉਹ ਬਹੁਤਾ ਵਧੀਆ ਨਹੀਂ ਹੈ। ਅਜਿਹਾ ਇਸ ਲਈ ਕਿਉਂਕਿ ਇਹ ਜਨਤਾ ਲਈ ਅਸਪਸ਼ਟ ਹੈ ਤੇ ਪਾਰਦਰਸ਼ੀ ਵੀ ਨਹੀਂ ਹੈ।

ਜਿਊਡੀਸ਼ੀਅਲ ਕਾਊਂਸਲ ਦੀ ਪ੍ਰਧਾਨਗੀ ਕਰਨ ਵਾਲੇ ਚੀਫ ਜਸਟਿਸ ਵੈਗਨਰ ਨੇ ਆਖਿਆ ਕਿ ਇਸ ਸਮੇਂ ਜਿਹੜੀ ਸ਼ਿਕਾਇਤ ਜਨਤਕ ਕੀਤੀ ਜਾਂਦੀ ਹੈ ਉਸ ਵਿੱਚ ਸੱਭ ਆਰਪਾਰ ਨਜ਼ਰ ਆਉਣ ਵਾਲਾ ਨਹੀਂ ਹੁੰਦਾ ਤੇ ਇਸ ਸਥਿਤੀ ਤੋਂ ਉਹ ਸਹਿਜ ਨਹੀਂ ਹਨ।ਉਨ੍ਹਾਂ ਆਖਿਆ ਕਿ ਉਹ ਉਡੀਕ ਕਰ ਰਹੇ ਹਨ ਕਿ ਮੌਜੂਦਾ ਫੈਡਰਲ ਬਿੱਲ, ਜਿਹੜਾ ਪਾਰਲੀਆਮੈਂਟ ਵਿੱਚ ਵਿਚਾਰ ਅਧੀਨ ਹੈ, ਪਾਸ ਹੋ ਜਾਵੇ ਤਾਂ ਕਿ ਇਸ ਸਾਰੀ ਨਿਆਂਇਕ ਪ੍ਰਕਿਰਿਆ ਨੂੰ ਪਾਰਦਰਸ਼ੀ ਤੇ ਘੱਟ ਖਰਚੀਲਾ ਬਣਾਇਆ ਜਾ ਸਕੇ।

Dr. Randhawa Dentistry
Your own dentist who really cares for you
We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment
• ਸੀਨੀਅਰ ਡਿਸਕਾਊਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
Dr. Samreet Kaur Randhawa
General Family Dentist
New Patients welcome
Deal Directly with all Insurance Companies
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd
Mcvean Dr
Gore Rd
DENTISTRY
Squire Ellis Dr
Countryside Dr

Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

## ਸਪੀਕਰ ਸੰਧਵਾਂ ਨੂੰ ਨਰਸਿੰਗ ਕਾਲਜਾਂ ਦੀਆਂ ਮੁਸ਼ਕਲਾਂ ਸਬੰਧੀ ਸੂਬਾਈ ਪ੍ਰਧਾਨ ਨੇ ਸੌਂਪਿਆ ਮੰਗ ਪੱਤਰ

ਚੰਡੀਗੜ੍ਹ, 15 ਜੂਨ (ਪੋਸਟ ਬਿਊਰੋ): ਪੰਜਾਬ ਭਰ ਦੇ ਨਰਸਿੰਗ ਕਾਲਜਾਂ ਦੀਆਂ ਮੁਸ਼ਕਿਲਾਂ ਤੋਂ ਜਾਣੂ ਕਰਵਾਉਣ ਸਬੰਧੀ ਨਰਸਿੰਗ ਟ੍ਰੇਨਿੰਗ ਇੰਸਟੀਚਿਊਟ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਡਾ. ਮਨਜੀਤ ਸਿੰਘ ਢਿੱਲੋਂ ਨੇ ਪਿਛਲੇ ਦਿਨੀਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਮੰਗ ਪੱਤਰ ਸੌਂਪਿਆ।

ਸਪੀਕਰ ਸੰਧਵਾਂ ਨਾਲ ਮੀਟਿੰਗ ਦੌਰਾਨ ਡਾ. ਢਿੱਲੋਂ ਨੇ ਦੱਸਿਆ ਕਿ ਕੋਵਿਡ ਤੋਂ ਬਾਅਦ ਮਹਿਸੂਸ ਹੋਇਆ ਕਿ ਸਿਰਫ਼ ਭਾਰਤ ਦੇਸ਼ ਨੂੰ ਹੀ 40 ਲੱਖ ਤੋਂ ਜ਼ਿਆਦਾ ਨਰਸਾਂ ਦੀ ਜ਼ਰੂਰਤ ਹੈ ਅਤੇ ਵਿਦੇਸ਼ਾਂ 'ਚ ਵੀ ਨਰਸਿੰਗ ਦੀਆਂ ਡਿਗਰੀਆਂ ਪ੍ਰਾਪਤ ਕਰਨ ਵਾਲੇ ਨੌਜਵਾਨਾ ਦੀ ਮੰਗ ਵੱਧ ਰਹੀ ਹੈ, ਇਸ ਲਈ ਨਰਸਿੰਗ ਦੇ ਕਿੱਤੇ ਨੂੰ ਨੌਜਵਾਨ ਅਹਿਮੀਅਤ ਦੇ ਰਹੇ ਹਨ ਅਤੇ ਇਹ ਪੰਜਾਬ ਭਰ ਵਿੱਚ ਉੱਭਰ ਕੇ ਸਾਹਮਣੇ ਆ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਬਾਬਾ ਫ਼ਰੀਦ ਹੈਲਥ ਐਂਡ ਸਾਇੰਸਿਜ਼ ਯੂਨੀਵਰਸਿਟੀ ਫ਼ਰੀਦਕੋਟ ਵੱਲੋਂ ਨਰਸਿੰਗ ਦੀ ਪੜ੍ਹਾਈ ਕਰਨ ਵਾਲੇ ਹਰ ਵਿਦਿਆਰਥੀ ਲਈ ਟੈਸਟ ਜ਼ਰੂਰੀ ਕਰ ਦਿੱਤਾ ਗਿਆ ਹੈ ਜਿਸ ਨਾਲ ਪੰਜਾਬ ਤੋਂ ਇਲਾਵਾ ਗੁਆਂਢੀ ਰਾਜਾਂ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਸਮੇਤ ਦਿੱਲੀ, ਯੂ.ਪੀ, ਬਿਹਾਰ, ਮਹਾਂਰਾਸ਼ਟਰ ਅਤੇ ਆਂਧਰਾ ਪ੍ਰਦੇਸ਼ ਦੇ ਵਿਦਿਆਰਥੀ ਪੰਜਾਬ 'ਚ ਆਉਣ ਤੋਂ ਸੰਕੋਚ ਕਰਨਗੇ। ਇਸ ਨਾਲ ਜਿੱਥੇ ਸਰਕਾਰ ਦੀ ਕਰੋੜਾਂ ਰੁਪਏ ਦੀ ਆਮਦਨ ਪ੍ਰਭਾਵਿਤ ਹੋਵੇਗੀ, ਉੱਥੇ ਨਰਸਿੰਗ ਕਾਲਜ ਵੀ ਆਰਥਿਕ ਸੰਕਟ ਦਾ ਸ਼ਿਕਾਰ ਹੋ ਸਕਦੇ ਹਨ।

ਨਰਸਿੰਗ ਕਾਲਜਾਂ ਸਬੰਧੀ ਮੰਗਾਂ ਨੂੰ ਧਿਆਨ ਨਾਲ ਸੁਣਦਿਆਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਸ਼ਵਾਸ਼ ਦਿਵਾਇਆ ਕਿ ਉਹ ਇਸ ਮੁੱਦੇ ਬਾਰੇ ਛੇਤੀ ਹੀ ਸੂਬੇ ਦੇ ਮੁੱਖ ਮੰਤਰੀ ਅਤੇ ਸਿਹਤ ਮੰਤਰੀ ਨਾਲ ਗੱਲਬਾਤ ਕਰਕੇ ਸਮੱਸਿਆ ਦਾ ਹੱਲ ਕਰਵਾਉਣਗੇ।

## ਕੌਂਸਲੇਟ ਜਨਰਲ ਟੋਰਾਂਟੋ ਸ੍ਰੀਮਤੀ ਅਪੂਰਵਾ ਸ੍ਰੀਵਾਸਤਵਾ ਦੇ ਸਨਮਾਨ ਵਿਚ ਸਮਾਗਮ ਕਰਵਾਇਆ





...ਪੰਨਾ 1 ਦਾ ਬਾਕੀ

ਉਨ੍ਹਾਂ ਕਿਹਾ ਕਿ ਟੋਰਾਂਟੋ ਦਾ ਸਮਾਂ ਉਨ੍ਹਾਂ ਨੂੰ ਹਮੇਸ਼ਾ ਯਾਦ ਰਹੇਗਾ ਅੰਤ ਵਿਚ ਕੌਂਸਲੇਟ ਜਨਰਲ ਨੇ ਉਨ੍ਹਾਂ ਦੇ ਸਨਮਾਨ ਵਿਚ ਰੱਖੇ ਸਮਾਗਮ ਲਈ ਧੰਨਵਾਦ ਵੀ ਕੀਤਾ। ਇਸ ਉਪਰੰਤ ਗਰੇਟ ਫ੍ਰੈਂਡਜ਼ ਕਲੱਬ ਅਤੇ ਪੰਜਾਬੀ ਮੀਡੀਆ ਫ੍ਰੈਂਡਜ਼ ਵਲੋਂ ਸ੍ਰੀਮਤੀ ਅਪੂਰਵਾ ਸ੍ਰੀਵਾਸਤਵਾ ਦਾ ਸਨਮਾਨ ਕੀਤਾ ਗਿਆ। ਕੁਲਵਿੰਦਰ ਛੀਨਾ ਵਲੋਂ ਆਏ ਮਹਿਮਾਨਾਂ ਦਾ ਧੰਨਵਾਦ ਕਰਕੇ ਸਮਾਗਮ ਦੀ ਸਮਾਪਤੀ ਕੀਤੀ ਗਈ।

ਇਸ ਸਮਾਗਮ ਵਿੱਚ ਪੰਜਾਬੀ ਮੀਡੀਆ ਵਿੱਚੋਂ ਪੰਜਾਬੀ ਪੋਸਟ/ਖਬਰਸਾਰ ਰੇਡੀਓ ਤੋਂ ਜਗਦੀਸ਼ ਗਰੇਵਾਲ, ਹਮਦਰਦ ਤੋਂ ਅਮਰ ਸਿੰਘ ਭੁੱਲਰ, ਪੰਜਾਬ ਸਟਾਰ ਤੋਂ ਸਿਮਰਤ ਗਰੇਵਾਲ, ਪਰਵਾਸੀ ਤੋਂ ਰਜਿੰਦਰ ਸੈਣੀ, ਵਾਈ ਮੀਡੀਆ ਤੋਂ ਯੁੱਧਵੀਰ ਜਸਵਾਲ, ਵਤਨੋਂ ਪਾਰ ਟੀਵੀ ਤੋਂ ਕੰਵਲਜੀਤ ਸਿੰਘ ਕੰਵਲ, ਨਗਾਰਾ ਤੋਂ ਚਰਨਜੀਤ ਬਰਾੜ/ਰਣਧੀਰ ਰਾਣਾ, ਸਾਊਥ ਏਸ਼ੀਅਨ ਵਾਇਸ ਤੋਂ ਕੁਲਵਿੰਦਰ ਛੀਨਾ, ਰਮਜ਼ ਪੰਜਾਬੀ ਤੋਂ ਹਰਜਿੰਦਰ ਗਿੱਲ, ਮਹਿਕ ਰੇਡੀਓ ਤੋਂ ਜਗਰਾਜ ਸਿੱਧੂ, ਥਿੰਕ ਬ੍ਰਾਊਨ ਮੀਡੀਆ ਤੋਂ ਸਰਬਜੀਤ ਅਰੋੜਾ, ਪ੍ਰਾਈਮ ਏਸ਼ੀਆ ਤੋਂ ਨਿਤਿਨ ਚੋਪੜਾ, ਰੈਡ ਐਫਐਮ ਤੋਂ ਜਸਬੀਰ ਸੁਮੀਲ, ਸਾਂਝਾ ਪੰਜਾਬ ਤੋਂ ਬੌਬ ਦੁਸਾਂਝ, ਸਰਗਮ ਰੇਡੀਓ ਤੋਂ ਡਾ ਬਲਵਿੰਦਰ, ਪਰਵਾਸੀ ਮੀਡੀਆ ਤੋਂ ਰਜਿੰਦਰ ਸੈਣੀ, ਵਤਨੋ ਦੂਰ ਤੋਂ ਸੁੱਖੀ ਨਿੱਜਰ, ਏਕਮ ਮੀਡੀਆ ਤੋਂ ਅਮਰਜੀਤ ਰਾਏ, ਬਰੈਂਪਟਨ ਰੇਡੀਓ ਤੋਂ ਸੁਖਦੇਵ ਥਾਪਰ ਪਹੁੰਚੇ ਹੋਏ ਸਨ।





ਗਰੇਟ ਫ੍ਰੈਂਡਜ਼ ਕਲੱਬ ਦੇ ਮੈਂਬਰਾਂ ਵਿੱਚ ਮੇਜਰ ਸਿੰਘ ਨੱਤ ਏਸ਼ੀਅਨ ਫੂਡ ਸੈਂਟਰ, ਜਿੰਦਰ ਬੁੱਟਰ ਕੇਜੇਐਸ ਟ੍ਰਾਂਸਪੋਰਟ, ਦਲਜੀਤ ਸਹੋਤਾ ਟੋਰਾਂਟੋ ਟਰੱਕ/ਟੋਰਾਂਟੋ ਟਾਇਰ ਸੈਂਟਰ, ਜਸਬੀਰ ਭੱਟੀ, ਰਣਧੀਰ ਰਾਣਾ, ਬਿੱਲਾ ਸਿੱਧੂ, ਸੈਮ ਸਰਾਏ ਸਰਾਏ ਟਰੱਕਿੰਗ, ਅਮਰਜੀਤ ਰਾਏ ਸ਼ਾਮਲ ਹੋਏ। ਇਸ ਮੌਕੇ ਹੋਰ ਬਹੁਤ ਸਾਰੇ ਪਤਵੰਤੇ ਵੀ ਪਹੁੰਚੇ ਹੋਏ ਸਨ। ਇਸ ਮੌਕੇ ਅਦਾਰਾ ਵਤਨੋਂ ਪਾਰ ਪੰਜਾਬੀ ਮੀਡੀਆ ਗਰੁੱਪ ਵੱਲੋਂ ਵਤਨੋਂ ਪਾਰ ਪੰਜਾਬੀ ਡਾਇਰੈਕਟਰੀ ਦਾ ਇਸ ਸਾਲ ਦਾ ਐਡੀਸ਼ਨ ਕੰਵਲਜੀਤ ਕੰਵਲ ਵਲੋਂ ਸ੍ਰੀਮਤੀ ਅਪੂਰਵਾ ਸ੍ਰੀਵਾਸਤਵਾ ਨੂੰ ਭੇਟ ਕੀਤਾ ਗਿਆ।

## ਬਰੈਂਪਟਨ ਵਿਚ ਵਿਰਸੇ ਤੇ ਵਿਰਾਸਤ ਬਾਰੇ ਫੋਟੋ ਪ੍ਰਦਰਸ਼ਨੀ ਅਮਿੱਟ ਛਾਪ ਛੱਡ ਗਈ

ਸਰੀ, 15 ਜੂਨ (ਪੋਸਟ ਬਿਊਰੋ):ਬੀਤੇ ਦਿਨੀਂ ਬਰੈਂਪਟਨ ਦੇ ਗੁਰਦੁਆਰਾ ਡਿਕਸੀ ਵਿਖੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਦੀ 300 ਸਾਲਾ ਜਨਮ ਸ਼ਤਾਬਦੀ ਦੇ ਸੰਬੰਧ ਵਿਚ ਨੈਸ਼ਨਲ ਆਰਕਾਈਵਜ਼ ਕੈਨੇਡਾ ਵੱਲੋਂ ਵਿਸ਼ੇਸ਼ ਫੋਟੋ ਪ੍ਰਦਰਸ਼ਨੀ ਲਾਈ ਗਈ। ਫੋਟੋ ਪ੍ਰਦਰਸ਼ਨੀ ਦੇ ਉਦਘਾਟਨੀ ਸਮਾਗਮ ਵਿਚ ਨੌਜਵਾਨ ਮੈਂਬਰ ਪਾਰਲੀਮੈਂਟ ਇਕਵਿੰਦਰ ਸਿੰਘ ਗਹੀਰ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ਅਤੇ ਬ੍ਰਿਟਿਸ਼ ਕੋਲੰਬੀਆ ਤੋਂ ਉੱਘੇ ਵਿਦਵਾਨ ਅਤੇ ਚਿੰਤਕ ਜੈਤੇਗ ਸਿੰਘ ਅਨੰਤ ਨੇ ਮੁੱਖ ਬੁਲਾਰੇ ਵਜੋਂ ਸ਼ਮੂਲੀਅਤ ਕੀਤੀ।







ਸਮਾਗਮ ਦੇ ਆਗਾਜ਼ ਵਿਚ ਨੈਸ਼ਨਲ ਸਿੱਖ ਆਰਕਾਈਵਜ਼ ਦੇ ਕਿਊਰੇਟਰ ਅਜੀਤ ਸਿੰਘ ਸਹੋਤਾ ਨੇ ਸਭਨਾਂ ਦਾ ਸਵਾਗਤ ਕੀਤਾ। ਉਨ੍ਹਾਂ ਦੱਸਿਆ ਕਿ ਸਿੱਖ ਨੈਸ਼ਨਲ ਆਰਕਾਈਵਜ਼ ਕੈਨੇਡਾ ਦਾ ਮੁੱਖ ਕਾਰਜ ਆਪਣੇ ਅਮੀਰ ਵਿਰਸੇ ਅਤੇ ਵਿਰਾਸਤ ਦੀ ਸਾਂਭ ਸੰਭਾਲ ਕਰਨਾ ਹੈ ਅਤੇ ਸਾਨੂੰ ਉਮੀਦ ਹੈ ਕਿ ਇਹ ਫੋਟੋ ਪ੍ਰਦਰਸ਼ਨੀ ਕੌਮ ਵਿਚ ਨਵੀਂ ਊਰਜਾ ਪੈਦਾ ਕਰੇਗੀ। ਮੁੱਖ ਬੁਲਾਰੇ ਜੈਤੇਗ ਸਿੰਘ ਅਨੰਤ ਨੇ ਸਿੱਖ ਕੌਮ ਦੇ ਮਹਾਨ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੀ 300 ਸਾਲਾ ਜਨਮ ਸ਼ਤਾਬਦੀ 'ਤੇ ਸਿੱਖ ਕੌਮ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਉਹ ਸਿੱਖ ਕੌਮ ਦੇ ਅਜਿਹੇ ਬੇਸ਼ਕੀਮਤੀ ਹੀਰੇ ਹੋਏ ਹਨ ਜਿਨ੍ਹਾਂ ਵੱਲੋਂ ਸਿੱਖਾਂ ਦੀ ਆਨ ਤੇ ਸ਼ਾਨ ਲਈ ਕੀਤੇ ਕਾਰਜਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਫੋਟੋ ਪ੍ਰਦਰਸ਼ਨੀ ਵਿਚ ਰਾਮਗੜ੍ਹੀਆ ਭਾਈਚਾਰੇ ਦੀਆਂ ਉਨ੍ਹਾਂ ਹਸਤੀਆਂ ਨੂੰ ਫੋਟੋਆਂ ਦੇ ਰੂਪ ਵਿਚ ਪ੍ਰਦਰਸ਼ਿਤ ਕੀਤਾ ਗਿਆ ਜਿਨ੍ਹਾਂ ਨੇ ਵੱਖ ਵੱਖ ਖੇਤਰਾਂ ਵਿਚ ਸਿਖਰਾਂ ਨੂੰ ਛੋਹਿਆ ਹੈ ਅਤੇ ਦੇਸ਼-ਕੌਮ ਦਾ ਨਾਮ ਉੱਚਾ ਕੀਤਾ ਹੈ। ਉਨ੍ਹਾਂ ਇਸ ਫੋਟੋ ਪ੍ਰਦਰਸ਼ਨੀ ਦੀ ਸਫਲਤਾ ਲਈ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਪਾਏ ਯੋਗਦਾਨ ਅਤੇ ਅਗਵਾਈ ਦਾ ਜ਼ਿਕਰ ਵੀ ਕੀਤਾ।

ਮੈਂਬਰ ਪਾਰਲੀਮੈਂਟ ਇਕਵਿੰਦਰ ਸਿੰਘ ਗਹੀਰ ਨੇ ਕਿਹਾ ਕਿ ਅਜਿਹੀ ਪ੍ਰਦਰਸ਼ਨੀ ਕੈਨੇਡਾ ਵਿਚ ਪਹਿਲੀ ਵਾਰ ਲੱਗੀ ਹੈ ਅਤੇ ਇਹ ਸਾਡੇ ਲਈ ਇਕ ਚਾਨਣ ਮੁਨਾਰੇ ਦਾ ਕਾਰਜ ਕਰੇਗੀ। ਉਨ੍ਹਾਂ ਕਿਹਾ ਕਿ ਆਪਣੀ ਵਿਰਾਸਤ ਨੂੰ ਜਿਉਂਦਾ ਰੱਖਣ ਲਈ ਅਜਿਹੇ ਕਾਰਜਾਂ ਦੀ ਬੇਹੱਦ ਜ਼ਰੂਰਤ ਹੈ।

ਇਸ ਮੌਕੇ ਸ਼ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਮਾਸਿਕ ਰਸਾਲੇ 'ਗੁਰਮਤਿ ਪ੍ਰਕਾਸ਼' ਦਾ 'ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵਿਸ਼ੇਸ਼ ਅੰਕ' ਰਿਲੀਜ਼ ਕੀਤਾ ਗਿਆ। ਜੈਤੇਗ ਸਿੰਘ ਅਨੰਤ ਨੇ ਆਪਣੀ ਸਚਿੱਤਰ ਕੌਫੀ ਟੇਬਲ ਪੁਸਤਕ 'ਰਾਮਗੜ੍ਹੀਆ ਵਿਰਾਸਤ' ਇਕਵਿੰਦਰ ਸਿੰਘ ਗਹੀਰ ਨੂੰ ਭੇਟ ਕੀਤੀ। ਨੈਸ਼ਨਲ ਸਿੱਖ ਆਰਕਾਈਵਜ਼ ਕੈਨੇਡਾ ਵੱਲੋਂ ਜੈਤੇਗ ਸਿੰਘ ਦਾ ਸਨਮਾਨ ਕਰਨ ਦੀ ਰਸਮ ਮੈਂਬਰ ਪਾਰਲੀਮੈਂਟ ਇਕਵਿੰਦਰ ਸਿੰਘ ਗਹੀਰ ਨੇ ਅਦਾ ਕੀਤੀ। ਫੋਟੋ ਪ੍ਰਦਰਸ਼ਨੀ ਦੀ ਪਿੱਠਭੂਮੀ (ਰਾਮਗੜ੍ਹ ਕਿਲੇ) ਨੂੰ ਸੰਸਥਾ ਦੇ ਵੈੱਬ ਡਿਜ਼ਾਇਨਰ ਸੰਦੀਪ ਸਿੰਘ ਨੇ ਬਾਖੂਬੀ ਸਾਕਾਰ ਕੀਤਾ। ਇਸ ਦੋ ਦਿਨਾਂ ਪ੍ਰਦਰਸ਼ਨੀ ਵਿਚ ਦਰਸ਼ਕਾਂ ਨੇ ਬੇਹੱਦ ਦਿਲਚਸਪੀ ਪ੍ਰਗਟ ਕੀਤੀ।

## ਚਾਓ ਦੇ ਸਮਰਥਨ ਵਿੱਚ ਆਈ ਮਾਮੂਲੀ ਗਿਰਾਵਟ

ਟੋਰਾਂਟੋ, 15 ਜੂਨ (ਪੋਸਟ ਬਿਊਰੋ) : ਇੱਕ ਨਵੇਂ ਸਰਵੇਖਣ ਅਨੁਸਾਰ ਭਾਵੇਂ ਓਲੀਵੀਆ ਚਾਓ ਟੋਰਾਂਟੋ ਦੇ ਮੇਅਰ ਦੇ ਅਹੁਦੇ ਦੀ ਦੌੜ ਵਿੱਚ ਆਪਣੇ ਨਾਲ ਦੇ ਉਮੀਦਵਾਰਾਂ ਤੋਂ ਕਾਫੀ ਅੱਗੇ ਚੱਲ ਰਹੀ ਹੈ ਪਰ ਤਾਜ਼ਾ ਰਿਪੋਰਟ ਅਨੁਸਾਰ ਉਸ ਦੇ ਸਮਰਥਨ ਵਿੱਚ ਮਾਮੂਲੀ ਗਿਰਾਵਟ ਦਰਜ ਕੀਤੀ ਗਈ ਹੈ।



ਸੋਮਵਾਰ ਨੂੰ ਫੋਰਮ ਰਿਸਰਚ ਵੱਲੋਂ ਜਾਰੀ ਕੀਤੇ ਗਏ ਆਪਣੇ ਨਵੇਂ ਸਰਵੇਖਣ ਦੇ ਨਤੀਜਿਆਂ ਅਨੁਸਾਰ ਚਾਓ ਨੂੰ ਇਸ ਸਮੇਂ 35 ਫੀ ਸਦੀ ਲੋਕਾਂ ਦਾ ਸਮਰਥਨ ਹਾਸਲ ਹੋ ਰਿਹਾ ਹੈ, ਜੋ ਕਿ 2 ਜੂਨ ਨੂੰ ਕਰਵਾਏ ਗਏ ਸਰਵੇਖਣ ਨਾਲੋਂ ਤਿੰਨ ਫੀ ਸਦੀ ਅੰਕ ਘੱਟ ਹੈ। ਉਸ ਸਮੇਂ ਚਾਓ ਨੂੰ 38 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਸੀ।ਇਸ ਦੌਰਾਨ ਚਾਓ ਦੇ ਕੁੱਝ ਕੁ ਵਿਰੋਧੀ ਉਮੀਦਵਾਰਾਂ ਦੇ ਸਮਰਥਨ ਵਿੱਚ ਵੀ ਮਾਮੂਲੀ ਵਾਧਾ ਦਰਜ ਕੀਤਾ ਗਿਆ ਹੈ। ਮਾਰਕ ਸਾਂਡਰਸ ਤੇ ਐਂਥਨੀ ਫੁਰੇ ਨੂੰ ਕ੍ਰਮਵਾਰ 14 ਫੀ ਸਦੀ ਤੇ 11 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ। ਸਰਵੇਖਣ ਅਨੁਸਾਰ ਐਨਾ ਬਾਇਲਾਓ ਦੇ ਸਮਰਥਨ ਵਿੱਚ ਦੋ ਫੀ ਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ ਤੇ ਉਸ ਨੂੰ ਹੁਣ ਕੁੱਲ ਮਿਲਾ ਕੇ 10 ਫੀ ਸਦੀ ਸਮਰਥਨ ਮਿਲ ਰਿਹਾ ਹੈ।

ਜੋਸ਼ ਮੈਟਲੋਅ ਦੇ ਸਮਰਥਨ ਵਿੱਚ ਤਿੰਨ ਅੰਕਾਂ ਦੀ ਕਮੀ ਆਈ ਹੈ ਤੇ ਉਸ ਨੂੰ ਮਿਲਣ ਵਾਲਾ ਸਮਰਥਨ ਨੌਂ ਫੀ ਸਦੀ ਰਹਿ ਗਿਆ ਹੈ, ਜਦਕਿ ਮਿਤਜ਼ੀ ਹੰਟਰ (ਸੱਤ ਫੀ ਸਦੀ) ਤੇ ਬ੍ਰੈਡ ਬ੍ਰੈਡਫੋਰਡ (ਪੰਜ ਫੀ ਸਦੀ) ਸਮਰਥਨ ਨਾਲ ਪਹਿਲਾਂ ਵਾਲੀ ਸਥਿਤੀ ਵਿੱਚ ਹੀ ਹਨ। ਇਹ ਸਰਵੇਖਣ ਟੋਰਾਂਟੋ ਦੇ 1047 ਲੋਕਾਂ ਉੱਤੇ ਕੀਤਾ ਗਿਆ।

## ਦੀ ਬੌਨੀ ਬ੍ਰੇਜ਼ ਪਾਰਕ ਸੀਨੀਅਰਜ਼ ਕਲੱਬ, ਬਰੈਂਪਟਨ ਵਲੋਂ ਬੌਨੀ ਬ੍ਰੇਜ਼ ਪਾਰਕ ਵਿਖੇ ਪ੍ਰੋਗਰਾਮ ਕਰਵਾਇਆ ਗਿਆ

ਦੀ ਬੌਨੀ ਬ੍ਰੇਜ਼ ਪਾਰਕ ਸੀਨੀਅਰਜ਼ ਕਲੱਬ, ਬਰੈਂਪਟਨ ਵਲੋਂ ਬੌਨੀ ਬ੍ਰੇਜ਼ ਪਾਰਕ ਵਿਖੇ ਬੀਤੇ ਐਤਵਾਰ, 11 ਜੂਨ ਨੂੰ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਵਿਚ ਸ਼ਾਮਲ ਹੋਣ ਵਾਲੇ ਮਹਿਮਾਨਾਂ ਵਿਚ ਬਰੈਂਪਟਨ ਦੇ ਮੇਅਰ ਸ੍ਰੀ ਪੈਟ੍ਰਿਕ ਬ੍ਰਾਊਨ, ਵਾਰਡ ਨੰਬਰ 3 ਤੇ 4 ਦੇ ਕੌਂਸਲਰ ਸ੍ਰੀ ਡੇਨਿਸ ਕੇਨਨ, ਵਾਰਡ ਨੰਬਰ 9 ਤੇ 10 ਦੇ ਸਕੂਲ ਟਰੱਸਟੀ ਸ੍ਰੀ ਸਤਪਾਲ ਜੌਹਲ ਅਤੇ ਹੋਰ ਸਾਰੇ ਮਹਿਮਾਨ ਤੇ ਕਲੱਬ ਮੈਂਬਰ ਸ਼ਾਮਲ ਹੋਏ। ਕਲੱਬ ਮੈਂਬਰਾਂ ਨੇ ਸ਼ਹਿਰ ਦੇ ਅਧਿਕਾਰੀਆਂ ਨਾਲ ਸ਼ਹਿਰ ਦੇ ਮਸਲਿਆਂ ਬਾਰੇ ਖੁੱਲ੍ਹ ਕੇ ਗੱਲ ਕੀਤੀ ਤੇ ਮੁੱਦੇ ਚੁੱਕੇ। ਕਲੱਬ ਦੇ ਪ੍ਰਧਾਨ ਸ੍ਰੀ ਸ਼ੇਰਗਿੱਲ ਤੇ ਮੀਤ ਪ੍ਰਧਾਨ ਸ੍ਰੀ ਕੰਗ ਨੇ ਪ੍ਰੋਗਰਾਮ ਵਿਚ ਹਿਸਾ ਲੈਣ ਵਾਲਿਆਂ ਦਾ ਧੰਨਵਾਦ ਕੀਤਾ।

## ਮਨੋਰੰਜਨ ਦਾ ਭੰਡਾਰ ਲੈ ਕੇ ਤੁਹਾਡੇ ਦਰ ਆ ਰਹੀ ਹੈ ਰੌਇਲ ਕੈਨੇਡੀਅਨ ਇੰਟਰਨੈਸ਼ਨਲ ਸਰਕਸ

...ਪੰਨਾ 1 ਦਾ ਬਾਕੀ

ਇਸ ਦੌਰਾਨ ਡੇਅਰਡੈਵਿਲ ਜੋਸਫ ਡੌਮੀਨੀਕ ਬਾਇਰ, ਜੋ ਕਿ ਸਵਿਟਜ਼ਰਲੈਂਡ ਤੋਂ ਹਨ, ਵ੍ਹੀਲ ਆਫ ਡੈਸਿਟੀਨੀ ਉੱਤੇ ਆਪਣੇ ਕਰਤਬ ਦਿਖਾਉਣਗੇ, ਕਮਾਲ ਦੇ ਏਅਰੀਅਲਿਸਟਸ ਤੇ ਟਰੈਪੀਜ਼ ਆਰਟਿਸਟ ਤੁਹਾਨੂੰ ਆਪਣੇ ਕਰਤਬਾਂ ਨਾਲ ਹੈਰਾਨ ਕਰ ਦੇਣਗੇ, ਐਫਰੀਕਨ ਬੋਨ ਬ੍ਰੇਕਰ ਵੀ ਇਸ ਸਰਕਸ ਦਾ ਹਿੱਸਾ ਬਣਨ ਲਈ ਆ ਰਿਹਾ ਹੈ, ਸਟੀਲ ਦੇ ਪਿੰਜਰੇ ਵਿੱਚ ਫਰਨਾਂਡੇਜ਼ ਗਲੋਬ ਆਫ ਡੈੱਥ 80 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਮੋਟਰਸਾਈਕਲ ਚਲਾ ਕੇ ਤੁਹਾਡੇ ਹੋਸ਼ ਉਡਾ ਦੇਵੇਗਾ, ਪੇਰੂ ਤੋਂ ਤੇਜ਼ ਰਫਤਾਰ ਨਾਲ ਜਗਲਿੰਗ ਕਰਨ ਵਾਲੇ ਨਿਲਸਨ ਐਸਕੋਬਾਰ ਵੀ ਇਸ ਸਰਕਸ ਦਾ ਹਿੱਸਾ ਹੋਣਗੇ, ਕੋਲੰਬੀਆ ਦਾ ਮਸ਼ਹੂਰ ਫੈਬੂਲਸ ਫਾਈਵ ਗੁਰੇਰੋ ਹਾਈ ਵਾਇਰ ਟਰੂਪ ਵੀ ਤੁਹਾਡੇ ਮਨੋਰੰਜਨ ਲਈ ਆ ਰਿਹਾ ਹੈ, ਟੀਜੀ ਲੇਡੀਜ਼ ਆਫ ਦੇ ਏਅਰ ਵੀ ਤੁਹਾਨੂੰ ਹੈਰਾਨ ਕਰਨ ਵਾਲੇ ਕਰਤਬ ਦਿਖਾਉਣਗੀਆਂ। ਇਸ ਤੋਂ ਇਲਾਵਾ ਵੀ ਸਰਕਸ ਵਿੱਚ ਕਾਫੀ ਕੁੱਝ ਮਨੋਰੰਜਨ ਲਈ ਹੋਵੇਗਾ।ਸਰਕਸ ਹੇਠਾਂ ਦਿੱਤੀਆਂ ਗਈਆਂ ਤਰੀਕਾਂ ਨੂੰ ਸਬੰਧਤ ਥਾਂਵਾਂ ਉੱਤੇ ਸ਼ੋਅ ਕਰੇਗੀ :

| ਸ਼ਹਿਰ ਦਾ ਨਾਂ | ਥਾਂ ਦਾ ਨਾਂ | ਤਰੀਕ |
|---|---|---|
| ਇਟੋਬੀਕੋ, ਓਨਟਾਰੀਓ, 7 ਸ਼ੋਅ | ਵੁੱਡਬਾਈਨ ਮਾਲ ਐਂਡ ਫੈਂਟੇਸੀ ਫੇਅਰ | 29 ਜੂਨ ਤੋਂ 2 ਜੁਲਾਈ |
| ਬਰੈਂਪਟਨ, ਓਨਟਾਰੀਓ, 8 ਸ਼ੋਅ | ਸਾਪਰਜ਼ ਵਰਲਡ ਬਰੈਂਪਟਨ | 6 ਤੋਂ 9 ਜੁਲਾਈ |
| ਪਿੱਕਰਿੰਗ, ਓਨਟਾਰੀਓ, 8 ਸ਼ੋਅ | ਪਿੱਕਰਿੰਗ ਟਾਊਨ ਸਾਪਿੰਗ ਸੈਂਟਰ | 13 ਤੋਂ 16 ਜੁਲਾਈ |
| ਸਕਾਰਬਰੋ, ਓਨਟਾਰੀਓ, 19 ਸ਼ੋਅ | ਬ੍ਰਾਈਡਲਵੁੱਡ ਮਾਲ | 20 ਤੋਂ 30 ਜੁਲਾਈ |
| ਮਿਸੀਸਾਗਾ, ਓਨਟਾਰੀਓ, 29 ਸ਼ੋਅ | ਡਿਕਸੀ ਆਊਟਲੈੱਟ ਮਾਲ | 3 ਤੋਂ 20 ਅਗਸਤ |
| ਬਰਲਿੰਗਟਨ, ਓਨਟਾਰੀਓ, 8 ਸ਼ੋਅ | ਬਰਲਿੰਗਟਨ ਸੈਂਟਰ | 24 ਤੋਂ 27 ਅਗਸਤ |

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol 647-204-1936

## ਲੁਧਿਆਣਾ ਸੈਂਟਰਲ ਟੂਲ ਰੂਮ ਦਾ ਐਕਸਟੈਂਸ਼ਨ ਸੈਂਟਰ ਖੋਲ੍ਹਣ ਵਾਲਾ ਪੂਰੇ ਪੰਜਾਬ ਦਾ ਪਹਿਲਾ ਜ਼ਿਲ੍ਹਾ ਬਣੇਗਾ ਮੋਗਾ

### ਨੌਜਵਾਨਾਂ ਨੂੰ ਰੋਜ਼ਗਾਰ ਅਤੇ ਅਤਿ ਆਧੁਨਿਕ ਕੋਰਸਾਂ ਦਾ ਮਿਲੇਗਾ ਲਾਹਾ : ਡਿਪਟੀ ਕਮਿਸ਼ਨਰ

ਮੋਗਾ, 15 ਜੂਨ (ਪੋਸਟ ਬਿਊਰੋ): ਐਸਪੀਰੇਸ਼ਨਲ ਡਿਸਟ੍ਰਿਕਟ ਪ੍ਰੋਗਰਾਮ ਤਹਿਤ ਜ਼ਿਲ੍ਹਾ ਪ੍ਰਸ਼ਾਸ਼ਨ ਅਤੇ ਉਦਯੋਗ ਕੇਂਦਰ ਮੋਗਾ ਦੇ ਸਹਿਯੋਗ ਸਦਕਾ ਜ਼ਿਲ੍ਹਾ ਮੋਗਾ ਪੰਜਾਬ ਦਾ ਪਹਿਲਾ ਅਜਿਹਾ ਜ਼ਿਲ੍ਹਾ ਬਣਨ ਜਾ ਰਿਹਾ ਹੈ ਜਿੱਥੇ ਕਿ ਬਹੁਤ ਜਲਦ ਲੁਧਿਆਣਾ ਸੈਂਟਰਲ ਟੂਲ ਰੂਮ ਦਾ ਐਕਸਟੈਂਸ਼ਨ ਸੈਂਟਰ ਖੁੱਲ੍ਹੇਗਾ। ਇਸ ਅਤਿ ਆਧੁਨਿਕ ਐਕਸਟੈਂਸ਼ਨ ਸੈਂਟਰ ਉੱਪਰ 10 ਕਰੋੜ ਰੁਪਏ ਖਰਚੇ ਜਾਣਗੇ। ਇਹ ਐਕਸਟੈਂਸ਼ਨ ਸੈਂਟਰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਈ ਸੰਸਥਾ ਮੋਗਾ ਵਿਖੇ ਸਥਾਪਿਤ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਦੀ ਸੁਚੱਜੀ ਅਗਵਾਈ ਸਦਕਾ ਡਿਵੈਲਪਮੈਂਟ ਕਮਿਸ਼ਨਰ ਐਮ.ਐਸ.ਐਮ.ਈ. ਭਾਰਤ ਸਰਕਾਰ ਵੱਲੋਂ ਇਸ ਪ੍ਰੋਜੈਕਟ ਨੂੰ ਪ੍ਰਿੰਸੀਪਲ ਅਪਰੂਵਲ ਮਿਲ



ਗਈ ਹੈ।

ਐਕਸਟੈਂਸ਼ਨ ਸੈਂਟਰ ਦੀ ਸਥਾਪਨਾ ਜਲਦ ਕਰਵਾਉਣ ਲਈ ਡਿਪਟੀ ਕਮਿਸ਼ਨਰ ਵੱਲੋਂ ਸਬੰਧਤ ਵਿਭਾਗਾਂ ਨਾਲ ਇੱਕ ਮੀਟਿੰਗ ਦੀ ਪ੍ਰਧਾਨਗੀ ਕੀਤੀ। ਇਸ ਮੀਟਿੰਗ ਵਿੱਚ ਉਨ੍ਹਾਂ ਨਾਲ ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ ਮੋਗਾ ਸ੍ਰ. ਸੁਖਮਿੰਦਰ ਸਿੰਘ ਰੇਖੀ, ਪ੍ਰਿੰਸੀਪਲ ਸਰਕਾਰੀ ਆਈ.ਟੀ.ਆਈ. ਮੋਗਾ ਸ਼ਿਲਪਾ ਤੋਂ ਇਲਾਵਾ ਹੋਰ ਵੀ ਅਧਿਕਾਰੀ ਸ਼ਾਮਿਲ ਹੋਏ। ਇਸ ਮੀਟਿੰਗ ਵਿੱਚ ਪ੍ਰੋਜੈਕਟ ਦੀ ਡੀ.ਪੀ.ਆਰ. (ਡਿਟੇਲਡ ਪ੍ਰੋਜੈਕਟ ਰਿਪੋਰਟ) ਤਿਆਰ ਕਰਨ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।

## ਸਪੀਕਰ ਦੇ ਪੋਰਟਰੇਟ ਦੀ ਘੁੰਡ ਚੁਕਾਈ ਵਰਗੇ ਈਵੈਂਟ ਦਾ ਹਿੱਸਾ ਬਣਨਾ ਮਾਣ ਵਾਲੀ ਗੱਲ ਹੈ : ਮੱਲ੍ਹੀ

ਓਟਵਾ, 15 ਜੂਨ (ਪੋਸਟ ਬਿਊਰੋ) : ਕੈਨੇਡੀਅਨ ਐਸੋਸਿਏਸ਼ਨ ਆਫ ਫੌਰਮਰ ਪਾਰਲੀਆਮੈਂਟੇਰੀਅਨਜ਼ ਵੱਲੋਂ ਬੀਤੇ ਦਿਨੀਂ ਆਪਣੀ ਸਾਲਾਨਾ ਜਨਰਲ ਮੀਟਿੰਗ ਓਟਵਾ ਵਿੱਚ ਪਾਰਲੀਆਮੈਂਟ ਹਿੱਲ ਵਿਖੇ ਕੀਤੀ ਗਈ।

ਇਹ ਬਹੁਤ ਹੀ ਵਧੀਆ ਢੰਗ ਨਾਲ ਆਯੋਜਿਤ ਪ੍ਰੋਗਰਾਮ ਸੀ ਤੇ ਇਸ ਦੌਰਾਨ ਪਿਛਲੇ ਸਾਲ ਫਾਨੀ ਦੁਨੀਆ ਨੂੰ ਅਲਵਿਦਾ ਆਖ ਗਏ 27 ਸਾਬਕਾ ਪਾਰਲੀਆਮੈਂਟੇਰੀਅਨਜ਼ ਲਈ ਮੈਮੋਰੀਅਲ ਸਰਵਿਸ ਦਾ ਆਯੋਜਨ ਵੀ ਕੀਤਾ ਗਿਆ। ਇਹ ਹਮੇਸ਼ਾਂ ਹੀ ਕਮਾਲ ਦੀ ਸਰਵਿਸ ਹੁੰਦੀ ਹੈ ਜਿੱਥੇ ਮ੍ਰਿਤਕ ਮੈਂਬਰਾਂ ਦੇ ਪਰਿਵਾਰਾਂ ਨੂੰ ਸੱਦਿਆ ਜਾਂਦਾ ਹੈ। ਇਸ ਦਰਾਨ ਲੀਓ ਡੁਗੁਏ ਲਈ ਵਿਸ਼ੇਸ਼ ਟ੍ਰਿਬਿਊਟ ਡਿਨਰ ਵੀ ਰੱਖਿਆ ਗਿਆ। ਲੰਚ ਦੌਰਾਨ ਸਾਬਕਾ



ਪਾਰਲੀਆਮੈਂਟੇਰੀਅਨਜ਼ ਨੂੰ ਸਟੀਵ ਪਾਇਕਿਨ ਦੀ ਨਵੀਂ ਬੁੱਕ ਬਾਰੇ ਉਨ੍ਹਾਂ ਦੇ ਵਿਚਾਰ ਸੁਣਨ ਦਾ ਮੌਕਾ ਵੀ ਮਿ-ਲਿਆ। ਇਹ ਸਾਲਾਨਾ ਇੱਕਠ ਸਾਬਕਾ ਪਾਰਲੀਆਮੈਂਟੇਰੀਅਨਜ਼ ਲਈ ਆਪਣੇ ਕੁਲੀਗਜ਼ ਤੇ ਦੋਸਤਾਂ ਨਾਲ ਮੁਲਾਕਾਤ ਕਰਨ ਦਾ ਬਹੁਤ ਹੀ ਵਧੀਆ ਮੌਕਾ ਹੈ।

ਇਸ ਪ੍ਰੋਗਰਾਮ ਵਿੱਚ ਗੁਰਬਖਸ਼ ਸਿੰਘ ਮੱਲ੍ਹੀ ਨੇ ਵੀ ਹਿੱਸਾ ਲਿਆ। ਏਜੀਐਮ ਤੋਂ ਬਾਅਦ ਮੱਲ੍ਹੀ ਨੂੰ 36ਵੀਂ ਪਾਰਲੀਆਮੈਂਟ ਦੇ ਸਪੀਕਰ ਦੇ ਪੋਰਟਰੇਟ ਦੀ ਘੁੰਢ ਚੁਕਾਈ ਲਈ ਵੀ ਉਚੇਚੇ ਤੌਰ ਉੱਤੇ ਸੱਦਿਆ ਗਿਆ। ਜ਼ਿਕਰਯੋਗ ਹੈ ਕਿ ਜੈੱਫ ਰੀਗਨ ਹੈਲੀਫੈਕਸ ਤੋਂ ਐਮਪੀ ਸਨ ਤੇ ਉਨ੍ਹਾਂ ਨੇ 2015 ਤੋਂ 2019 ਤੱਕ ਹਾਊਸ ਦੇ ਸਪੀਕਰ ਦੀ ਭੂਮਿਕਾ ਨਿਭਾਈ ਸੀ। ਜੈੱਫ ਰੀਗਨ ਤੇ ਗੁਰਬਖਸ਼ ਸਿੰਘ ਮੱਲ੍ਹੀ ਨੇ 1993 ਤੋਂ 2011 ਤੱਕ ਇੱਕਠਿਆਂ ਪਾਰਲੀਆਮੈਂਟ ਵਿੱਚ ਸੇਵਾ ਨਿਭਾਈ।

ਇਸ ਮੌਕੇ ਮੱਲ੍ਹੀ ਨੇ ਆਖਿਆ ਕਿ ਹਾਊਸ ਆਫ ਕਾਮਨਜ਼ ਦੇ 36ਵੇਂ ਸਪੀਕਰ ਦੇ ਪੋਰਟਰੇਟ ਦੀ ਘੁੰਢ ਚੁਕਾਈ ਵਰਗੇ ਈਵੈਂਟ ਦਾ ਹਿੱਸਾ ਬਣਨਾਂ ਉਨ੍ਹਾ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਆਖਿਆ ਕਿ ਜੈੱਫ ਰੀਗਨ ਕਮਾਲ ਦੇ ਕਮਿਊਨਿਟੀ ਆਗੂ ਹਨ ਤੇ ਉਨ੍ਹਾ ਦੇ ਬਹੁਤ ਹੀ ਅਜ਼ੀਜ਼ ਦੋਸਤ ਵੀ ਹਨ।

## ਗੈਰਕਾਨੂੰਨੀ ਤੌਰ ਉਤੇ ਫੈਡਰਲ ਦਸਤਾਵੇਜ਼ ਕੋਲ ਰੱਖਣ ਦੇ ਮਾਮਲੇ ਵਿੱਚ ਟਰੰਪ ਹੋਏ ਬਰੀ

ਮਾਇਆਮੀ, 15 ਜੂਨ (ਪੋਸਟ ਬਿਊਰੋ) : ਫੈਡਰਲ ਦਸਤਾਵੇਜ਼ਾਂ ਨੂੰ ਗੈਰਕਾਨੂੰਨੀ ਤੌਰ ਉੱਤੇ ਆਪਣੇ ਕੋਲ ਰੱਖਣ ਦੇ ਮਾਮਲੇ ਵਿੱਚ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੌਨਲਡ ਟਰੰਪ ਨੂੰ ਕਸੂਰਵਾਰ ਨਹੀਂ ਪਾਇਆ ਗਿਆ ਹੈ। ਉਨ੍ਹਾਂ ਉੱਤੇ ਫੈਡਰਲ ਕ੍ਰਿਮੀਨਲ ਚਾਰਜਿਜ਼ ਨਹੀਂ ਲਾਏ ਜਾਣਗੇ। ਜ਼ਿਕਰਯੋਗ ਹੈ ਕਿ ਟਰੰਪ ਉੱਤੇ ਦੋਸ਼ ਸਨ ਕਿ ਆਫਿਸ ਛੱਡਦੇ ਸਮੇਂ ਉਹ ਆਪਣੇ ਨਾਲ ਨੈਸ਼ਨਲ ਸਕਿਊਰਿਟੀ ਸਬੰਧੀ ਦਸਤਾਵੇਜ਼ ਵੀ ਲੈ ਗਏ ਤੇ ਇਨ੍ਹਾਂ ਦਸਤਾਵੇਜ਼ਾਂ ਦੀ ਰਿਕਵਰੀ ਕਰਨ ਆਏ ਅਧਿਕਾਰੀਆਂ ਨੂੰ ਵੀ ਉਨ੍ਹਾਂ ਵੱਲੋਂ ਝੂਠ



ਬੋਲਿਆ ਗਿਆ।


ਟਰੰਪ ਵੱਲੋਂ ਇਸ ਸਬੰਧ ਵਿੱਚ ਮਾਇਆਮੀ ਦੀ ਫੈਡਰਲ ਅਦਾਲਤ ਵਿੱਚ ਯੂਐਸ ਮਜਿਸਟ੍ਰੇਟ ਜੱਜ ਜੌਨਾਥਨ ਗੁੱਡਮੈਨ ਕੋਲ ਪਲੀਅ ਦਾਖਲ ਕਰਵਾਈ ਗਈ ਸੀ। ਜ਼ਿਕਰਯੋਗ ਹੈ ਕਿ ਟਰੰਪ ਨਵੰਬਰ 2024 ਵਿੱਚ ਹੋਣ ਵਾਲੀਆਂ ਰਾਸ਼ਟਰਪਤੀ ਦੇ ਅਹੁਦੇ ਦੀਆਂ ਚੋਣਾਂ ਵਿੱਚ ਖੜ੍ਹੇ ਹੋਣ ਦਾ ਫੈਸਲਾ ਕਰੀ ਬੈਠੇ ਹਨ ਤੇ ਇਸ ਲਈ ਮੁਹਿੰਮ ਵੀ ਚਲਾ ਰਹੇ ਹਨ।

ਇਸ ਮਾਮਲੇ ਵਿੱਚ ਟਰੰਪ ਨੂੰ ਬਿਨਾਂ ਸ਼ਰਤ ਅਦਾਲਤ ਛੱਡਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਉਨ੍ਹਾਂ ਉੱਤੇ ਕਿਸੇ ਕਿਸਮ ਦੀਆਂ ਟਰੈਵਲ ਸਬੰਧੀ ਪਾਬੰਦੀਆਂ ਨਹੀਂ ਲਾਈਆਂ ਗਈਆਂ ਨਾ ਹੀ ਉਨ੍ਹਾਂ ਕੋਲੋਂ ਕੋਈ ਮੁਚਲਕਾ ਹੀ ਭਰਵਾਇਆ ਗਿਆ। ਗੁੱਡਮੈਨ ਵੱਲੋਂ ਸੁਣਾਏ ਗਏ ਫੈਸਲੇ ਅਨੁਸਾਰ ਟਰੰਪ ਨੂੰ ਮਾਮਲੇ ਦੇ ਚਸ਼ਮਦੀਦਾਂ ਨਾਲ ਸਿੱਧਿਆਂ ਗੱਲ ਕਰਨ ਦੀ ਇਜਾਜ਼ਤ ਨਹੀਂ ਸੀ।

## ਕੂੜੇਦਾਨ ਵਿੱਚੋਂ ਮਿਲੀ ਲਾਪਤਾ ਵਿਅਕਤੀ ਦੀ ਲਾਸ਼

ਟੋਰਾਂਟੋ, 15 ਜੂਨ (ਪੋਸਟ ਬਿਊਰੋ) : ਪਿਛਲੇ ਹਫਤੇ ਇੱਕ ਲਾਪਤਾ ਵਿਅਕਤੀ ਦੀ ਲਾਸ਼ ਕੂੜੇਦਾਨ ਵਿੱਚੋਂ ਮਿਲਣ ਤੋਂ ਬਾਅਦ ਟੋਰਾਂਟੋ ਪੁਲਿਸ ਇਸ ਮਾਮਲੇ ਨੂੰ ਸ਼ੱਕੀ ਮੰਨ ਕੇ ਜਾਂਚ ਕਰ ਰਹੀ ਹੈ।

ਵੀਰਵਾਰ 8 ਜੂਨ ਨੂੰ ਸਿਟੀ ਦੇ ਡਾਊਨਟਾਊਨ ਵਿੱਚ ਈਸਟ ਲਿਬਰਟੀ ਸਟਰੀਟ ਤੇ ਵੈਸਟਰਨ ਬੈਟਰੀ ਰੋਡ ਏਰੀਆ ਵਿੱਚ ਫਰਸਟ ਰਿਸਪਾਂਡਰਜ਼ ਨੂੰ ਸੱਦਿਆ ਗਿਆ। ਟੋਰਾਂਟੋ ਫਾਇਰ ਸਰਵਿਸਿਜ਼ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਇਸ ਯੂਨਿਟ ਨੂੰ 54 ਈਸਟ ਲਿਬਰਟੀ ਸਥਿਤ ਗਾਰਬੇਜ ਕਾਂਪੈਕਟਰ ਰੂਮ ਵਿੱਚ ਕਿਸੇ ਤਰ੍ਹਾਂ ਦੀ ਗੜਬੜੀ ਕਾਰਨ ਸੱਦਿਆ ਗਿਆ ਹੈ ਪਰ



ਕਿਸੇ ਵੀ ਤਰ੍ਹਾਂ ਦੀ ਮੈਡੀਕਲ ਸਹਾਇਤਾ ਦੀ ਲੋੜ ਨਹੀਂ ਹੈ।

ਮੰਗਲਵਾਰ ਨੂੰ ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਇਸ ਕੂੜੇਦਾਨ ਵਿੱਚੋਂ ਇੱਕ ਵਿਅਕਤੀ ਦੀ ਲਾਸ਼ ਮਿਲਣ ਤੋਂ ਬਾਅਦ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਤੇ ਇਸ ਸ਼ਖ਼ਸ ਦੀ ਪਛਾਣ ਟੋਰਾਂਟੋ ਦੇ 53 ਸਾਲਾ ਰਿਆਜ਼ ਹਬੀਬ ਵਜੋਂ ਹੋਈ ਹੈ। ਇਸ ਤੋਂ ਇੱਕ ਹਫਤਾ ਪਹਿਲਾਂ ਸ਼ੁੱਕਰਵਾਰ ਨੂੰ ਲਾਪਤਾ ਵਿਅਕਤੀ ਦੇ ਸਬੰਧ ਵਿੱਚ ਇੱਕ ਨਿਊਜ਼ ਰਲੀਜ਼ ਜਾਰੀ ਕੀਤੀ ਗਈ ਸੀ ਜਿਸ ਵਿੱਚ ਆਖਿਆ ਗਿਆ ਸੀ ਕਿ 5 ਜੂਨ ਤੋਂ ਹਬੀਬ ਨੂੰ ਨਹੀਂ ਵੇਖਿਆ ਗਿਆ ਹੈ ਤੇ ਪੁਲਿਸ ਉਸ ਦੀ ਸੇਫਟੀ ਨੂੰ ਲੈ ਕੇ ਚਿੰਤਤ ਹੈ।

ਆਖਰੀ ਵਾਰੀ ਉਸ ਨਾਲ ਵੈਸਟਰਨ ਬੈਟਰੀ ਰੋਡ ਤੇ ਈਸਟ ਲਿਬਰਟੀ ਸਟਰੀਟ ਏਰੀਆ ਵਿੱਚ ਸੰਪਰਕ ਕੀਤਾ ਗਿਆ ਸੀ। ਹੁਣ ਜਾਂਚਕਾਰ 4 ਜੂਨ ਤੇ 8 ਜੂਨ ਦਰਮਿਆਨ ਹਬੀਬ ਦੀਆਂ ਗਤੀਵਿਧੀਆਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ।




## ਐਸੋਸੀਏਸ਼ਨ ਆਫ ਸੀਨੀਅਰਜ਼ ਨੇ ਐਲਡਰ ਅਬਿਊਜ਼ ’ਤੇ ਸੈਮੀਨਾਰ ਕਰਵਾਇਆ




(ਬਰੈਂਪਟਨ/ਬਾਸੀ ਹਰਚੰਦ) ਸੀਨੀਅਰਜ਼ ਦੀਆਂ ਸਮੱਸਿਆਵਾਂ ਨੂੰ ਪਰਾਥਮਿਕ ਤੌਰ ਤੇ ਸੁਲਝਾਉਣ ਦੇ ਲਈ ਸਿਟੀ,ਪ੍ਰੋਵਿੰਸ਼ਲ,ਅਤੇ ਫੈਡਰਲ ਪੱਧਰ ਤੇ ਸਮੇਂ ਸਮੇਂ ਸਰਕਾਰ ਦੇ ਨੁਮਾਇੰਦਿਆਂ ਨਾਲ ਅਸੋਸੀਏਸ਼ਨ ਆਫ ਸੀਨੀਅਰਜ਼ ਕਲੱਬ ਬਰੈਂਪਟਨ ਸੰਵਾਦ ਰਚਾਉਂਦੀ ਰਹਿੰਦੀ ਹੈ। ਲਗਾਤਾਰ ਸਰਗਰਮੀ ਕਰਦਿਆਂ ਨੌ ਜੂਨ ਦਿਨ ਸੁਕਰਵਾਰ ਨੂੰ ਐਲਡਰ ਅਬਿਊਜ਼ ਤੇ ਸਿਟੀ ਦੇ ਰਿਵਰਸਟੋਨ ਕਮਿਊਨਿਟੀ ਸੈਂਟਰ ਵਿਖੇ ਭਰਵਾਂ ਕਾਮਯਾਬ ਸੈਮੀਨਾਰ ਕਰਵਾਇਆ। ਜਿਸ ਦੀ ਪ੍ਰਧਾਂਨਗੀ ਅਸੋਸੀਏਸ਼ਨ ਦੇ ਪਰਧਾਨ ਜੰਗੀਰ ਸਿੰਘ ਸੈਂਭੀ, ਅਮਰੀਕ ਸਿੰਘ ਕੈਸੀਅਰ, ਪਰੀਤਮ ਸਿੰਘ ਸਰਾਂ,ਮਹਿੰਦਰ ਸਿੰਘ ਮੋਹੀ,ਰਣਜੀਤ ਸਿੰਘ ਤੱਘੜ, ਬੀਬੀ ਕਮਲ ਖੈਰਾ, ਹਰਦੀਪ ਸਿੰਘ ਐਮ ਪੀ ਪੀ ਨੇ ਕੀਤੀ ਜਿਸ ਵਿੱਚ ਸੱਭ ਤੋਂ ਪਹਿਲਾਂ ਕਨੇਡਾ ਦਾ ਕੌਮੀ ਗੀਤ ਗਾ ਕੇ ਸੁਰੂਆਤ ਕੀਤੀ ਗਈ। ਉਸ ਉਪਰੰਤ ਹਰਚੰਦ ਸਿੰਘ ਬਾਸੀ ਨੇ ਹਾਜਰੀਨ ਨਾਲ ਬਜੁਰਗ ਅਵੱਸਥਾ ਵਿੱਚ ਘਰ ਪ੍ਰੀਵਾਰ ਦੇ ਮੈਂਬਰਾਂ, ਸਮਾਜ, ਰਿਸ਼ਤੇਦਾਰਾਂ,ਕੇਅਰ ਪ੍ਰੋਵਾਈਡਰਾਂ ਜਾਂ ਲੌਂਗ ਟਰਮ ਬਜੁਰਗ ਘਰਾਂ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਅਤੇ ਉਹਨਾਂ ਦੇ ਕਨੇਡਾ ਸਰਕਾਰ ਵੱਲੋਂ ਸਮਧਾਨ ਬਾਰੇ ਵਿਚਾਰ ਸਾਂਝੇ ਕੀਤੇ। ਸਰਕਾਰ ਵੱਲੋਂ ਸਟੀਵ ਫੌਸਰਟ ਕੋਆਰਡੀਨੇਟਰ ਅਤੇ ਉਸ ਦੇ ਨਾਲ ਪੋਲੀਸ ਆਫੀਸ਼ਲ ਲਵਜੀਤ ਸਿੰਘ ਨੇ ਸੈਮੀਨਾਰ ਨੂੰ ਅਡਰੈਸ ਕੀਤਾ। ਉਹਨਾਂ ਦੱਸਿਆ ਕਿ ਫੈਡਰਲ ਅਤੇ ਪ੍ਰੋਵਿੰਸ਼ਲ ਸਰਕਾਰਾਂ ਬਜੁਰਗਾਂ ਦੇ ਜੀਵਨ ਨੂੰ ਸੁਖਾਲਾ ਬਣਾਉਣ ਦੇ ਲਈ ਹਰ ਪੱਧਰ ਤੇ ਯਤਨਸੀਲ ਹੈ। ਤੁਹਾਡੇ ਤੱਕ ਅੱਜ ਸੁਨੇਹਾ ਦੇਣ ਆਏ ਹਾਂ ਕਿ ਸੀਨੀਅਰਜ਼ ਦੀ ਸੁਰੱਖਿਆ ਲਈ ਸਰਕਾਰ ਨਾਲ ਮਿਲ ਕੇ ਕਈ ਸੰਸਥਾਵਾਂ ਕੰਮ ਕਰ ਰਹੀਆਂ ਹਨ। ਬਹੁਤ ਸਾਰੇ ਸੀਨੀਅਰਜ਼ ਜਾਣਕਾਰੀ ਨਾ ਹੋਣ ਕਰਕੇ ਮਦਦ ਤੋਂ ਵਾਂਝੇ ਰਹਿ ਜਾਦੇ ਹਨ। ਸਰਕਾਰ ਕੋਲ ਸਹੀ ਅੰਕੜੇ ਨਾ ਪਹੁੰਚਣ ਕਰਕੇ ਹੋਰ ਫੰਡ ਮੁਹੱਈਆ ਕਰਨ ਵਿੱਚ ਦਿਕਤ ਆਉਂਦੀ ਹੈ। ਫੈਡਰਲ ਸਰਕਾਰ ਦੇ ਸੀਨੀਅਰਜ਼ ਸਬੰਧੀ ਮੰਤਰੀ ਬੀਬੀ ਕਮਲ ਖੈਹਰਾ ਨੇ ਦਸਿਆ ਕਿ ਮੇਰੇ ਯਤਨਾ ਸਦਕਾ ਸਰਕਾਰ ਵੱਲੋਂ ਬਜੁਰਗਾਂ ਨੂੰ ਆਰਥਿਕ ਲਾਭ ਦੇ ਕੇ ਜੀਵਨ ਸੁਧਾਰਨ ਦੇ ਬਾਰੇ ਜਾਣਕਾਰੀ ਦਿਤੀ ਅਤੇ ਵਿਸਵਾਸ਼ ਦੁਆਇਆ ਕਿ ਮੈਂ ਮੰਤਰੀ ਹੁੰਦਿਆਂ ਹੋਇਆਂ ਸੀਨੀਅਰਜ਼ ਦੇ ਭਲੇ ਲਈ ਹਰ ਸੰਭਵ ਯਤਨ ਜਾਰੀ ਰਖਾਂਗੀ। ਉਹਨਾ ਇਹ ਵੀ ਦੱਸਿਆ ਕਿ ਦਸੰਬਰ 2023 ਤੋਂ ਬਾਅਦ ਫੇਡਰਲ ਸਰਕਾਰ ਵੱਲੋਂ ਦੰਦਾ ਲਈ ਫਰੀ ਪ੍ਰੋਗਰਾਮ ਵੀ ਲਿਆਂਦਾ ਜਾ ਰਿਹਾ ਹੈ। ਹਰਦੀਪ ਸਿੰਘ ਐਮ ਪੀ ਪੀ ਨੇ ਸੀਨੀਅਰਜ਼ ਲਈ ਦੰਦਾਂ ਦੇ ਹੋਰ ਡਾਕਟਰ ਨਿਯੁਕਤ ਕਰਨ ਬਾਰੇ ਹਾਮੀ ਭਰੀ। ਸਿਟੀ ਕੌਂਸਲ ਵੱਲੋਂ 7-8 ਵਾਰਡ ਤੋਂ ਰਿਜਨਲ ਕੌਂਸਲਰ ਪੈਟ ਫਰਟੀਨੀ, ਰਿਜਨਲ ਕੌਂਸਲਰ, ਗੁਰ-ਪਰਤਾਪ ਸਿੰਘ ਤੂਰ,ਕੌਂਸਲਰ ਮਿਸਟਰ ਰੌਡ ਵੀ ਸਾਮਲ ਹੋਏ। ਕੌਂਸਲਰ ਮਿਸਟਰ ਰੌਡ ਨੇ ਸੀਨੀਅਰਜ਼ ਮੰਥ ਦਾ ਕੇਕ ਲਿਆ ਕੇ ਸੀਨੀਅਰਜ਼ ਲਈ ਸੁਭ ਇਛਾਵਾਂ ਜਾਹਰ ਕੀਤੀਆ। ਸਟੇਜ ਦੀ ਜਿੰਮੇਵਾਰੀ ਪਰੀਤਮ ਸਿੰਘ ਸਰਾਂ ਨੇ ਨਿਭਾਈ। ਅੰਤ ਵਿੱਚ ਅਸੋਸੀਏਸ਼ਨ ਦੇ ਪਰਧਾਨ ਜੰਗੀਰ ਸਿੰਘ ਸੈਂਭੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਹਾਜ਼ਰ ਸੀਨੀਅਰਜ਼ ਦਾ ਸਵਾਗਤ ਕੀਤਾ ਅਤੇ ਅਗੇ ਤੋਂ ਸੀਨੀਅਰਜ਼ ਲਈ ਅਜਿਹੇ ਪ੍ਰੋਗਰਾਮਾਂ ਵਿੱਚ ਵਧ ਚੜ੍ਹ ਕੇ ਸਾਮ੍ਹਲ ਹੋਣ ਲਈ ਜੋਰ ਦਿਤਾ।






## ਕਾਰ ਚੋਰੀ ਦੌਰਾਨ ਪੁਲਿਸ ਅਧਿਕਾਰੀਆਂ ਵੱਲੋਂ ਗੋਲੀਆਂ ਚਲਾਏ ਜਾਣ ਦੀ ਜਾਂਚ ਕਰ ਰਹੀ ਹੈ ਐਸਆਈਯੂ

ਓਨਟਾਰੀਓ, 15 ਜੂਨ (ਪੋਸਟ ਬਿਊਰੋ) : ਐਤਵਾਰ ਦੁਪਹਿਰੇ ਸਿਟੀ ਦੇ ਪੱਛਮੀ ਸਿਰੇ ਉੱਤੇ ਸਥਿਤ ਲਿਟਲ ਇਟਲੀ ਵਿੱਚ ਕਾਰ ਚੋਰੀ ਦੇ ਮਾਮਲੇ ਵਿੱਚ ਟੋਰਾਂਟੋ ਪੁਲਿਸ ਦੇ ਦੋ ਅਧਿਕਾਰੀਆਂ ਵੱਲੋਂ ਗੋਲੀਆਂ ਚਲਾਉਣ ਦੇ ਮਾਮਲੇ ਦੀ ਓਨਟਾਰੀਓ ਦੀ ਐਸਆਈਯੂ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਪੁਲਿਸ ਅਨੁਸਾਰ ਐਤਵਾਰ ਦੁਪਹਿਰ ਨੂੰ ਇੱਕ ਗੱਡੀ ਚੋਰੀ ਹੋਣ ਦੀ ਰਿਪੋਰਟ ਦੇ ਕੇ ਅਧਿਕਾਰੀਆਂ ਨੂੰ ਓਸਿੰਗਟਨ ਐਵਨਿਊ ਦੇ ਪੂਰਬ ਵੱਲ ਕਾਲਜ ਸਟਰੀਟ ਤੇ ਰੌਕਸਟਨ ਰੋਡ ਇਲਾਕੇ ਵਿੱਚ ਸੱਦਿਆ ਗਿਆ। ਐਤਵਾਰ ਦੁਪਹਿਰ ਨੂੰ ਕੀਤੇ ਟਵੀਟ ਵਿੱਚ ਪੁਲਿਸ ਨੇ ਆਖਿਆ ਕਿ ਮੌਕੇ ਉੱਤੇ ਪਹੁੰਚਣ ਉਪਰੰਤ ਅਧਿਕਾਰੀਆਂ ਵੱਲੋਂ ਦੋ ਮਸ਼ਕੂਕਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਇਸ ਦੌਰਾਨ ਹੀ ਪੁਲਿਸ ਅਧਿਕਾਰੀਆਂ ਵੱਲੋਂ ਗੋਲੀਆਂ ਵੀ ਚਲਾਈਆਂ ਗਈਆਂ।

ਐਤਵਾਰ ਨੂੰ ਜਾਰੀ ਕੀਤੀ ਗਈ ਪ੍ਰੈੱਸ ਰਲੀਜ਼ ਵਿੱਚ ਓਨਟਾਰੀਓ ਦੀ ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ (ਐਸਆਈਯੂ) ਵੱਲੋਂ ਇਹ ਸਫਾਈ ਦਿੱਤੀ ਗਈ ਕਿ ਚੋਰੀ ਕਰਕੇ ਗੱਡੀ ਲਿਜਾ ਰਹੇ ਦੋ ਵਿਅਕਤੀਆਂ ਨਾਲ ਪੁਲਿਸ ਅਧਿਕਾਰੀਆਂ ਦਾ ਟਾਕਰਾ ਹੋ ਗਿਆ ਤੇ ਬਹਿਸ ਦੌਰਾਨ ਪੁਲਿਸ ਅਧਿਕਾਰੀਆਂ ਵੱਲੋਂ ਗੋਲੀਆਂ ਚਲਾਈਆਂ ਗਈਆਂ। ਇਸ ਦੇ ਬਾਵਜੂਦ ਮਸ਼ਕੂਕ ਕਾਰ ਲੈ ਕੇ ਜਾਣ ਵਿੱਚ ਸਫਲ ਹੋ ਗਏ। ਚਸ਼ਮਦੀਦਾਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉਨ੍ਹਾਂ ਨੂੰ ਘੱਟੋ ਘੱਟ ਚਾਰ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਆਈਆਂ।

ਪੁਲਿਸ ਵੱਲੋਂ ਗੱਡੀ ਦਾ ਪਿੱਛਾ ਕੀਤਾ ਗਿਆ ਤੇ ਗੱਡੀ ਬਲੂਅਰ ਸਟਰੀਟ ਵੈਸਟ ਤੇ ਹੈਵਲੌਕ ਸਟਰੀਟ ਇਲਾਕੇ ਵਿੱਚ ਖੰਭੇ ਨਾਲ ਟਕਰਾ ਗਈ। ਐਸਆਈਯੂ ਵੱਲੋਂ ਪੁਸ਼ਟੀ ਕੀਤੀ ਗਈ ਕਿ ਗੱਡੀ ਵਿੱਚ ਸਵਾਰ 26 ਸਾਲਾ ਤੇ 45 ਸਾਲਾ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇੱਕ ਮਸ਼ਕੂਕ ਨੂੰ ਮਾਮੂਲੀ ਜ਼ਖ਼ਮੀ ਹਾਲਤ ਵਿੱਚ ਇਲਾਜ ਲਈ ਹਸਪਤਾਲ ਵੀ ਲਿਜਾਇਆ ਗਿਆ।

## ਚੋਣਾਂ ਵਿੱਚ ਵਿਦੇਸ਼ੀ ਦਖ਼ਲ ਦੀ ਜਨਤਕ ਜਾਂਚ ਨੂੰ ਆਕਾਰ ਦੇਣ ਲਈ ਵਿਰੋਧੀ ਪਾਰਟੀਆਂ ਨਾਲ ਰਲ ਕੇ ਕੰਮ ਕਰਾਂਗੇ : ਪੌਲੀਏਵਰ

ਓਟਵਾ, 15 ਜੂਨ (ਪੋਸਟ ਬਿਊਰੋ) : ਐਤਵਾਰ ਨੂੰ ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵਰ ਨੇ ਆਖਿਆ ਕਿ ਕੈਨੇਡੀਅਨ ਚੋਣਾਂ ਵਿੱਚ ਵਿਦੇਸ਼ੀ ਦਖ਼ਲ ਦੇ ਮਾਮਲੇ ਦੀ ਜਨਤਕ ਜਾਂਚ ਨੂੰ ਆਕਾਰ ਦੇਣ ਲਈ ਉਹ ਹੋਰਨਾਂ ਵਿਰੋਧੀ ਧਿਰਾਂ ਦੇ ਆਗੂਆਂ ਨਾਲ ਰਲ ਕੇ ਕੰਮ ਕਰਨਗੇ।



ਐਤਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੌਲੀਏਵਰ ਨੇ ਆਖਿਆ ਕਿ ਇਸ ਜਾਂਚ ਦੀ ਅਗਵਾਈ ਇੰਡੀਪੈਂਡੈਂਟ ਸ਼ਖ਼ਸ ਤੋਂ ਕਰਵਾਈ ਜਾਵੇ ਤੇ ਜਾਂਚ ਦੌਰਾਨ ਜਿਹੜਾ ਪੱਖਪਾਤ ਤੋਂ ਦੂਰ ਹੋਵੇ ਇਸ ਗੱਲ ਦਾ ਖਾਸ ਖਿਆਲ ਰੱਖਿਆ ਜਾਵੇਗਾ। ਇਹ ਯਕੀਨੀ ਬਣਾਉਣ ਲਈ ਉਹ ਆਪਣੇ ਸਾਰੇ ਵਿਰੋਧੀ ਧਿਰ ਦੇ ਭਾਈਵਾਲਾਂ ਨਾਲ ਰਲ ਕੇ ਕੰਮ ਕਰਨਗੇ। ਉਨ੍ਹਾਂ ਅੱਗੇ ਆਖਿਆ ਕਿ ਇਸ ਮਾਮਲੇ ਦੀ ਜਾਂਚ ਕਰਨ ਵਾਲੇ ਸ਼ਖ਼ਸ ਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਜਾਂ ਟਰੂਡੋ ਫਾਊਂਡੇਸ਼ਨ ਨਾਲ ਕੋਈ ਸਬੰਧ ਨਹੀਂ ਹੋਣਾ ਚਾਹੀਦਾ। ਉਨ੍ਹਾਂ ਅੱਗੇ ਆਖਿਆ ਕਿ ਅਜਿਹੇ ਸ਼ਖ਼ਸ ਦਾ ਕਿਸੇ ਵਿਦੇਸ਼ੀ ਤਾਨਾਸ਼ਾਹੀ ਨਾਲ ਵੀ ਕੋਈ ਸੰਪਰਕ ਨਹੀਂ ਹੋਣਾ ਚਾਹੀਦਾ। ਉਸ ਦਾ ਅਕਸ ਗੈਰ ਪੱਖਪਾਤੀ ਤੇ ਨਿਊਟਰਲ ਰਹਿਣ ਵਾਲੇ ਇਨਸਾਨ ਵਾਲਾ ਹੋਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਸ਼ਨਿੱਚਰਵਾਰ ਨੂੰ ਇੰਟਰਗਵਰਮੈਂਟਲ ਅਫੇਅਰਜ਼ ਮੰਤਰੀ ਡੌਮੀਨਿਕ ਲੀਬਲਾਂਕ ਨੇ ਆਖਿਆ ਸੀ ਕਿ ਸਰਕਾਰ ਇਸ ਮਾਮਲੇ ਦੀ ਜਨਤਕ ਜਾਂਚ ਲਈ ਤਿਆਰ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਚੁਫੇਰਿਓਂ ਹੋ ਰਹੇ ਵਿਰੋਧ ਮਗਰੋਂ ਦੋ ਮਹੀਨੇ ਸਪੈਸ਼ਲ ਰੈਪੋਰਟਰ ਰਹਿਣ ਤੋਂ ਬਾਅਦ ਸ਼ੁੱਕਰਵਾਰ ਨੂੰ ਜੌਹਨਸਟਨ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਇਸ ਦੌਰਾਨ ਲੀਬਲਾਂਕ ਨੇ ਆਖਿਆ ਕਿ ਸਰਕਾਰ ਵਿਦੇਸ਼ੀ ਦਖ਼ਲ ਦੇ ਮਾਮਲੇ ਦੀ ਜਾਂਚ ਤੇ ਇਸ ਦੇ ਮੁਲਾਂਕਣ ਲਈ ਜਨਤਕ ਪ੍ਰਕਿਰਿਆ ਸ਼ੁਰੂ ਕਰਨ ਲਈ ਕਾਹਲੀ ਹੈ। ਇਸ ਲਈ ਸਰਕਾਰ ਵਿਰੋਧੀ ਧਿਰਾਂ ਨਾਲ ਰਲ ਕੇ ਕੰਮ ਕਰਨਾ ਚਾਹੁੰਦੀ ਹੈ।

## ਟੋਰਾਂਟੋ ਪੀਅਰਸਨ ਏਅਰਪੋਰਟ ਉੱਤੇ ਖੜ੍ਹੇ ਰੂਸੀ ਜਹਾਜ਼ ਨੂੰ ਸਰਕਾਰ ਨੇ ਕੀਤਾ ਜ਼ਬਤ

ਟੋਰਾਂਟੋ, 15 ਜੂਨ (ਪੋਸਟ ਬਿਊਰੋ) : ਪਿਛਲੇ ਇੱਕ ਸਾਲ ਤੋਂ ਟੋਰਾਂਟੋ ਦੇ ਪੀਅਰਸਨ ਏਅਰਪੋਰਟ ਉੱਤੇ ਪਾਰਕ ਕੀਤੇ ਗਏ ਰੂਸ ਦੇ ਰਜਿਸਟਰਡ ਮਾਲ-ਵਾਹਕ ਜਹਾਜ਼ ਨੂੰ ਕੈਨੇਡੀਅਨ ਸਰਕਾਰ ਵੱਲੋਂ ਜ਼ਬਤ ਕਰ ਲਿਆ ਗਿਆ ਹੈ। ਇਹ ਖੁਲਾਸਾ ਸ਼ਨਿੱਚਰਵਾਰ ਦੁਪਹਿਰ ਨੂੰ ਗਲੋਬਲ ਅਫੇਅਰਜ਼ ਕੈਨੇਡਾ ਵੱਲੋਂ ਕੀਤਾ ਗਿਆ।



ਗਲੋਬਲ ਅਫੇਅਰਜ਼ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਪ੍ਰੈੱਸ ਰਲੀਜ਼ ਅਨੁਸਾਰ ਇਹ ਜਹਾਜ਼, ਜੋ ਕਿ ਐਂਤੋਨੋਵ 124 ਹੈ, ਵੋਲਗਾ-ਨੈਪਰ ਏਅਰਲਾਈਨਜ਼ ਐਲਐਲਸੀ ਤੇ ਵੋਲਗਾ-ਨਾਈਪਰ ਗਰੁੱਪ ਦੀ ਮਲਕੀਅਤ ਹੈ। ਜ਼ਿਕਰਯੋਗ ਹੈ ਕਿ ਰੂਸ ਵੱਲੋਂ ਯੂਕਰੇਨ ਖਿਲਾਫ ਵਿੱਢੀ ਗਈ ਲੜਾਈ ਕਾਰਨ ਇਨ੍ਹਾਂ ਦੋਵਾਂ ਗਰੁੱਪਸ ਉੱਤੇ ਕੈਨੇਡਾ ਵੱਲੋਂ ਪਾਬੰਦੀਆਂ ਲਾਈਆਂ ਗਈਆਂ ਹਨ। ਇਹ ਜਹਾਜ਼ 27 ਫਰਵਰੀ, 2022 ਤੋਂ ਹੀ ਪੀਅਰਸਨ ਏਅਰਪੋਰਟ ਉੱਤੇ ਖੜ੍ਹਾ ਹੈ। ਗ੍ਰੇਟਰ ਟੋਰਾਂਟੋ ਏਅਰਪੋਰਟਸ ਅਥਾਰਟੀ (ਜੀਟੀਏਏ)ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਜਹਾਜ਼ ਦੇ ਮਾਲਕ ਨੂੰ ਟੋਰਾਂਟੋ ਪੀਅਰਸਨ ਉੱਤੇ ਜਹਾਜ਼ ਪਾਰਕ ਕਰਨ ਬਦਲੇ ਪ੍ਰਤੀ ਮਿੰਟ 74 ਸੈਂਟ ਦੇਣੇ ਪੈਂਦੇ। ਇਸ ਹਿਸਾਬ ਨਾਲ ਜਹਾਜ਼ ਦੇ ਮਾਲਕ ਨੂੰ ਹਰ 24 ਘੰਟੇ ਪਿੱਛੇ 1,065·60 ਡਾਲਰ ਦੇਣੇ ਪੈਂਦੇ। ਸ਼ੁਰੂਆਤ ਵਿੱਚ ਰੂਸ ਦੇ ਇਸ ਜਹਾਜ਼ ਨੇ ਅਮਰੀਕਾ ਤੇ ਰੂਸ ਤੋਂ ਵਾਇਆ ਚੀਨ ਆਉਂਦਿਆਂ ਹੋਇਆਂ, ਇੱਥੇ ਪਹੁੰਚਣ ਤੋਂ ਕੁੱਝ ਸਮੇਂ ਬਾਅਦ ਹੀ ਚਲੇ ਜਾਣਾ ਸੀ ਪਰ ਪਿਛਲੇ ਸਾਲ ਫਰਵਰੀ ਵਿੱਚ ਕੈਨੇਡੀਅਨ ਸਰਕਾਰ ਵੱਲੋਂ ਰੂਸੀ ਜਹਾਜ਼ ਆਪਰੇਟਰਜ਼ ਲਈ ਦੇਸ਼ ਦੀ ਏਅਰਸਪੇਸ ਬੰਦ ਕਰ ਦਿੱਤੇ ਜਾਣ ਕਾਰਨ ਇਹ ਜਹਾਜ਼ ਅਣਮਿੱਥੇ ਸਮੇਂ ਲਈ ਇੱਥੇ ਹੀ ਪਾਰਕ ਰਹਿ ਗਿਆ। ਗਲੋਬਲ ਅਫੇਅਰਜ਼ ਅਨੁਸਾਰ ਇਸ ਜਹਾਜ਼ ਨੂੰ ਰੋਕ ਕੇ ਕੈਨੇਡਾ ਨੇ ਇੱਕ ਤਰ੍ਹਾਂ ਯੂਕਰੇਨ ਖਿਲਾਫ ਜੰਗ ਬੰਦ ਕਰਨ ਦਾ ਵੀ ਰੂਸ ਉੱਤੇ ਦਬਾਅ ਪਾਇਆ ਸੀ।

# ਸੀ. ਟੀ. ਆਰ. ਦੇ ਸਾਬਕਾ ਵਿਦਿਆਰਥੀਆਂ ਦੀ ਸਲਾਨਾ ਪਿਕਨਿਕ ਦਾ ਕੀਤਾ ਆਯੋਜਨ




CTR ਦੇ ਸਾਬਕਾ ਵਿਦਿਆਰਥੀਆਂ ਦੀ ਸਲਾਨਾ ਪਿਕਨਿਕ ਓਰੇਂਜਵਿਲ ਦੇ ਆਈਲੈਂਡ ਲੇਕ ਕੰਜ਼ਰਵੇਸ਼ਨ ਏਰੀਆ ਵਿੱਚ ਆਯੋਜਿਤ ਕੀਤੀ ਗਈ । ਇਸ ਵਿੱਚ ਕੈਨੇਡਾ ਰਹਿਣ ਵਾਲੇ ਵਿਦਿਆਰਥੀਆਂ ਦੇ ਨਾਲ ਖਾਸ ਤੌਰ ਤੇ ਮਨਦੀਪ ਕਾਲੜਾ ਨੇ ਇੰਡੀਆ ਤੋਂ ਆ ਕੇ ਰੌਣਕ ਵਧਾ ਦਿੱਤੀ। ਗਰੁਪ ਮੈਂਬਰਾਂ ਨੇ ਜਿੱਥੇ ਨਵੇਂ ਮੈਂਬਰਾਂ ਨੂੰ ਜੀ ਆਇਆ ਕਿਹਾ ਉੱਥੇ ਨਵਪ੍ਰੀਤ ਸਿੰਘ ਰੰਧਾਵਾ ਅਤੇ ਤੇਜਿੰਦਰ ਸਿੰਘ ਰਾਏ ਦਾ ਵਧੀਆ ਆਯੋਜਨ ਲਈ ਧੰਨਵਾਦ ਵੀ ਕੀਤਾ ਗਿਆ । ਅਦਾਰਾ ਪੰਜਾਬੀ ਪੋਸਟ ਦੇ ਮੈਂਬਰ ਗੁਰਪ੍ਰੀਤ ਪੁਰਬਾਂ ਵੀ CTR ਤੋਂ ਪੜ੍ਹੇ ਹਨ ।

ਭਾਰਤ ਸਰਕਾਰ ਨੇ 1980 ਵਿੱਚ ਲੁਧਿਆਣਾ ਵਿੱਚ ਕੇਂਦਰੀ ਟੂਲ ਰੂਮ (ਸੀ.ਟੀ.ਆਰ.) ਦੀ ਸਥਾਪਨਾ ਜਰਮਨੀ ਸਰਕਾਰ ਦੀ ਤਕਨੀਕੀ ਅਤੇ ਵਿੱਤੀ ਸਹਾਇਤਾ ਅਤੇ ਪੰਜਾਬ ਰਾਜ ਸਰਕਾਰ ਦੇ ਸਰਗਰਮ ਸਹਿਯੋਗ ਨਾਲ ਕੀਤੀ, ਜਿਸ ਨੇ ਜ਼ਮੀਨ ਅਤੇ ਇਮਾਰਤਾਂ ਪ੍ਰਦਾਨ ਕੀਤੀਆਂ। CTR ਨੂੰ ਉਦਯੋਗ ਮੰਤਰਾਲੇ (ਹੁਣ: ਮਾਈਕਰੋ, ਸਮਾਲ ਐਂਡ ਮੀਡੀਅਮ ਐਂਟਰਪ੍ਰਾਈਜ਼ ਮੰਤਰਾਲਾ), ਭਾਰਤ ਸਰਕਾਰ ਦੇ ਅਧੀਨ "ਭਾਰਤ ਸਰਕਾਰ ਸੋਸਾਇਟੀ" ਵਜੋਂ ਸਥਾਪਤ ਕੀਤਾ ਗਿਆ ਸੀ। ਮੰਤਰਾਲੇ ਦੁਆਰਾ ਗਠਿਤ ਗਵਰਨਿੰਗ ਕੌਂਸਲ ਸਮਾਜ ਦੇ ਮਾਮਲਿਆਂ ਦਾ ਪ੍ਰਬੰਧਨ ਕਰਦੀ ਹੈ। ਗਵਰਨਿੰਗ ਕੌਂਸਲ ਦੇ ਮੈਂਬਰ SSI, ਸਰਕਾਰ ਦੇ ਮੰਤਰਾਲੇ ਤੋਂ ਹਨ। ਭਾਰਤ ਦੀ ਰਾਜ ਸਰਕਾਰ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ, ਅਤੇ ਯੂ.ਟੀ. ਚੰਡੀਗੜ੍ਹ ਤੋਂ ਇਲਾਵਾ, ਇਸ ਖੇਤਰ ਦੇ ਉਦਯੋਗਿਕ ਐਸੋਸੀਏਸ਼ਨਾਂ ਦੀ ਅਗਵਾਈ ਕਰਨ ਵਾਲੇ ਕਈ ਨੁਮ-ਾਇੰਦੇ ਇਸ ਦਾ ਹਿੱਸਾ ਹਨ।

## ਸਤਪਾਲ ਸਿੰਘ ਜੌਹਲ ਵਲੋਂ ਸਲਾਨਾ 'ਟਰੱਸਟੀ ਐਵਾਰਡ ਫਾਰ ਐਕਸੀਲੈਂਸ' ਦੀ ਸਥਾਪਨਾ

### ਸਕੂਲਾਂ ਵਿੱਚ ਸਿਖਣ ਦੇ ਮਾਹੌਲ ਵਿੱਚ ਯੋਗਦਾਨ ਪਾਉਣ ਵਾਲੇ ਬੱਚਿਆਂ ਨੂੰ ਮਿਲੇਗਾ ਸਨਮਾਨ

ਬਰੈਂਪਟਨ, 14 ਜੂਨ (ਹਰਜੀਤ ਸਿੰਘ ਬਾਜਵਾ)- ਬਰੈਂਪਟਨ ਦੇ ਵਾਰਡ 9-10 ਤੋਂ ਪੀਲ ਪਬਲਿਕ ਸਕੂਲ ਬੋਰਡ ਟਰੱਸਟੀ ਸਤਪਾਲ ਸਿੰਘ ਜੌਹਲ ਵਲੋਂ ਸਕੂਲਾਂ ਵਿੱਚ ਬੱਚਿਆਂ ਵਾਸਤੇ ਸਿੱਖਿਆ ਦਾ ਮਾਹੌਲ ਸਾਜ਼ਗਾਰ ਰੱਖਣ ਲਈ ਬੀਤੇ 6 ਕੁ ਮਹੀਨਿਆਂ ਤੋਂ ਲਗਾਤਾਰਤਾ ਨਾਲ਼ ਯਤਨ ਜਾਰੀ ਹਨ। ਇਸੇ ਤਹਿਤ ਹੁਣ ਉਨ੍ਹਾਂ ਵਲੋਂ ਆਪਣੇ ਹਲਕੇ ਦੇ ਚਾਰ ਸੈਕੰਡਰੀ ਸਕੂਲਾਂ ਵਿੱਚ 12ਵੀਂ ਦੇ ਯੋਗ ਵਿਦਿਆਰਥੀਆਂ ਲਈ 'ਟਰੱਸਟੀ ਐਵਾਰਡ ਫਾਰ ਐਕਸੀਲੈਂਸ' ਸਥਾਪਿਤ ਕਰਨ ਦਾ ਐਲਾਨ ਕੀਤਾ ਗਿਆ ਹੈ। ਟੱਰਸਟੀ ਜੌਹਲ ਨੇ ਦੱਸਿਆ ਕਿ ਵਿਗੜੇ ਹੋਏ ਬੱਚਿਆਂ ਦੀ ਦਰੁੱਸਤੀ ਵਾਸਤੇ ਸਿਸਟਮ ਵਿੱਚ ਉਨ੍ਹਾਂ ਨੂੰ ਅਕਸਰ (ਗੰਭੀਰ) ਸਿੱਟੇ ਭੁਗਤਣੇ ਪੈਂਦੇ ਹਨ ਪਰ ਬਹੁਤ ਵੱਡੀ ਤਦਾਦ ਵਿੱਚ ਬੱਚੇ ਪੜ੍ਹਾਇ ਵੱਲ਼ ਕੇਂਦਰਤ ਰਹਿੰਦੇ ਹਨ, ਅਤੇ ਉਹ ਚੰਗੇ ਕੰਮ ਕਰ ਰਹੇ ਹਨ ਜਿਸ ਕਰਕੇ ਚੰਗੇ ਕੰਮ ਕਰਨ ਵਾਲੇ ਬੱਚਿਆਂ ਨੂੰ ਉਤਸ਼ਾਹਿਤ ਰੱਖਣਾ ਜਰੂਰੀ ਹੈ।



ਉਨ੍ਹਾਂ ਆਖਿਆ ਕਿ ਸੰਦਲਵੁੱਡ ਹਾਈਟਸ, ਕੈਸਲਬਰੁੱਕ, ਲੂਈਸ ਆਰਬਰ, ਅਤੇ ਹੈਰਲਡ ਬਰੈਥਵੇਟ ਸੈਕੰਡਰੀ ਸਕੂਲਾਂ ਦੇ ਕੁੱਲ 8 (ਹਰੇਕ ਸਕੂਲ ਵਿੱਚੋਂ 2) ਯੋਗ ਬੱਚੇ ਅਗਲੇ ਦਿਨਾਂ ਵਿੱਚ ਹੋਣ ਵਾਲੇ ਗਰੈਜੂਏਸ਼ਨ ਸਮਾਗਮਾਂ ਦੌਰਾਨ 'ਟਰੱਸਟੀ ਐਵਾਰਡ ਫਾਰ ਐਕਸੀਲੈਂਸ' ਨਾਲ਼ ਸਨਮਾਨਿਤ ਕੀਤੇ ਜਾਣਗੇ। ਸਕੂਲ ਟਰੱਸਟੀ ਸਤਪਾਲ ਸਿੰਘ ਜੌਹਲ ਵਲੋਂ ਇਹ ਐਵਾਰਡ ਹਰੇਕ ਸਾਲ ਜੂਨ ਦੇ ਅਖੀਰ ਵਿੱਚ ਆਪਣੇ ਹਲਕੇ ਦੇ 8 ਯੋਗ ਬੱਚਿਆਂ ਨੂੰ ਦਿੱਤਾ ਜਾਇਆ ਕਰੇਗਾ। ਸ. ਜੌਹਲ ਨੇ ਦੱਸਿਆ ਕਿ ਐਵਾਰਡ ਲਈ ਢੁਕਵੇਂ ਨਾਵਾਂ ਦੀ ਪਛਾਣ ਅਤੇ ਸਿਫਾਰਸ਼ ਸਕੂਲਾਂ ਦੇ ਪ੍ਰਿੰਸੀਪਲਾਂ ਵਲੋਂ ਕੀਤੀ ਜਾਣੀ ਹੈ। ਉਂਟਾਰੀਓ ਵਿੱਚ ਬੀਤੀ 24 ਅਕਤੂਬਰ ਨੂੰ ਹੋਈ ਮਿਊਂਸਪਲ ਚੋਣ ਵਿੱਚ ਬਰੈਂਪਟਨ ਦੇ ਵਾਰਡ 9 ਅਤੇ 10 ਤੋਂ ਸਤਪਾਲ ਸਿੰਘ ਜੌਹਲ ਦੀ ਧੜੱਲੇਦਾਰ ਜਿੱਤ ਹੋਈ ਸੀ ਜਿਸ ਤੋਂ ਬਾਅਦ ਉਨ੍ਹਾਂ ਵਲੋਂ ਸਕੂਲਾਂ ਵਿੱਚ ਸਾਜ਼ਗਾਰ ਮਾਹੌਲ ਕਾਇਮ ਰੱਖਣ ਲਈ ਬੋਰਡ, ਸਕੂਲ, ਅਤੇ ਕਮਿਊਨਿਟੀ ਪੱਧਰ 'ਤੇ ਜਾਗਰੂਕਤਾ ਲਈ ਬਿਨਾ ਨਾਗਾ ਯਤਨ ਵਿੱਢੇ ਹੋਏ ਹਨ। ਸ. ਜੌਹਲ ਨੇ ਇਸ ਕਾਰਜ ਵਿੱਚ ਸਹਾਈ ਹੋਣ ਲਈ ਲੋਕਾਂ ਦਾ ਅਤੇ ਪੰਜਾਬੀ ਮੀਡੀਆ ਅਦਾਰਿਆਂ ਦਾ ਧੰਨਵਾਦ ਵੀ ਕੀਤਾ ਹੈ।

## ਪੈਰਟੀ ਸੀਨੀਅਰ ਕਲੱਬ ਵਲੋਂ ਕਨੇਡਾ ਡੇਅ ਸ਼ਨਿਚਰਵਾਰ ਨੂੰ ਮਨਾਇਆ ਜਾਵੇਗਾ

ਬਰੈਂਪਟਨ:(ਡਾ ਬਲਜਿੰਦਰ ਸਿੰਘ ਸੇਖੋਂ) ਕੈਪਟਨ ਇਕਬਾਲ ਸਿੰਘ ਵਿਰਕ ਵਲੋਂ ਦਿੱਤੀ ਜਾਣਕਾਰੀ ਮੁਤ-ਾਬਿਕ ਪੈਰਟੀ ਸੀਨੀਅਰ ਕਲੱਬ ਵਲੋਂ ਪਹਿਲੀ ਜੁਲਾਈ, ਸ਼ਨਿਚਰਵਾਰ ਨੂੰ ਦੁਪਿਹਰ 1 ਵਜੇ ਤੋਂ 9 ਵਜੇ ਤੱਕ ਜੈਨਿੰਗਜ ਪਾਰਕ ਵਿਚ ਜੋ 49 ਪੈਰਿਟੀ ਰੋਡ ਬਰੈਂਪਟਨ ਵਿੱਚ ਹੈ, ਕਨੇਡਾ ਡੇ ਮਨਾਇਆ ਜਾਵੇਗਾ। ਪ੍ਰੋਗਰਾਮ ਵਿੱਚ ਖਾਣ ਪੀਣ ਤੋਂ ਇਲਾਵਾ, ਮੰਨੋਰੰਜਨ ਦਾ ਵੀ ਖਾਸ ਪ੍ਰਬੰਧ ਹੋਵੇਗਾ। ਗੀਤ ਸੰਗੀਤ ਲਈ ਇੱਕ ਔਰਤ ਕਲਾਕਾਰ ਨਾਲ ਸੰਪਰਕ ਕੀਤਾ ਗਿਆ ਹੈ।

ਪ੍ਰੋਗਰਾਮ ਵਿੱਚ ਪਿੰਗਲਵਾੜਾ ਸੋਸਾਇਟੀ ਦੀ ਕਨੇਡਾ ਵਿੱਚ ਮੁੱਖ ਸੇਵਾਦਾਰ, ਬੀਬੀ ਅੱਬਨਾਸ਼ ਕੌਰ,ਮੁੱਫਤ ਕਿਤਾਬਾਂ ਦੀ ਸਟਾਲ ਲਾਉਣਗੇ।

ਵੱਡੀ ਉਮਰ ਦੇ ਸੇਵਾ ਮੁਕਤ ਸੈਨਕ ਜਿਸ ਨੇ ਸਭ ਤੋਂ ਵੱਧ ਲੜਾਈਆਂ ਵਿੱਚ ਹਿੱਸਾ ਲਿਆ ਹੋਵਗਾ, ਬਾਬਿਆਂ ਦੇ ਮੇਲੇ ਦੇ ਮੋਢੀ ਮੱਘਰ ਸਿੰਘ ਹੰਸਰਾ, ਸੂਝਵਾਨ ਪੱਤਰਕਾਰ ਤੇ ਲੇਖਕ, ਟੀ ਵੀ ਰਿਪੋਰਟਰ, ਰੇਡੀਓ ਹੋਸਟ, ਅਤੇ ਵੱਡੀ ਉਮਰ ਦੀ ਮਾਤਾ, ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਸਮੇਂ ਲਾਟਰੀ ਨਾਲ 50 ਇਨਾਮ ਕੱਢੇ ਜਾਣੇ ਹਨ, ਜਿਨ੍ਹਾਂ ਵਿਚ, ਗੁਰਬਾਣੀ, ਸੋਨੀ ਰੇਡੀਓ, ਜੋ ਭਾਰਤ ਵਿੱਚ ਵੀ ਵਰਤਿਆ ਜਾ ਸਕਦਾ ਹੈ,ਵੀ ਸ਼ਾਮਿਲ ਹੋਵੇਗਾ।

ਆਉਣ ਵਾਲੇ ਵਿਅੱਕਤੀਆਂ, ਖਾਸ ਕਰ ਬੱਚਿਆਂ ਨੂੰ ਧਾਰਮਿਕ ਜਾਣਕਾਰੀ ਦੇਣ ਲਈ, ਪਾਕਿਸਤਾਨ ਵਿਚਲੇ ਇਤਿਹਾਸਕ ਗੁਰਦੁਆਰਿਆਂ ਦੀਆਂ 200 ਫੋਟੋਆਂ ਦੀ ਉਨ੍ਹਾ ਦੀ ਜਾਣਕਾਰੀ ਸਮੇਤ ਪ੍ਰਦਰਸ਼ਨੀ ਲਾਈ ਜਾਵੇਗੀ। ਇਸ ਸਮੇਂ ਮੀਂਹ ਕਣੀ ਤੋਂ ਬਚਾਅ ਲਈ ਟੈਂਟ ਦਾ ਪ੍ਰਬੰਧ ਵੀ ਕਰ ਲਿਆ ਗਿਆ ਹੈ। ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ ਕੈਪਟਨ ਇਕਬਾਲ ਸਿੰਘ 647 631 9445) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਪੈਨਾਹਿਲ ਸੀਨੀਅਰਜ਼ ਕਲੱਬ ਨੇ ਸਫਾਈ ਦਾ ਕੰਮ ਸ਼ੁਰੂ ਕੀਤਾ

(ਬਰੈਂਪਟਨ/ਬਾਸੀ ਹਰਚੰਦ): ਪੈਨਾਹਿਲ ਸੀਨੀਅਰਜ਼ ਕਲੱਬ ਦੇ ਮੈਂਬਰ ਪਿਛਲੇ ਸਾਲਾਂ ਤੋਂ ਆਪਣੇ ਆਲੇ ਦੁਆਲੇ ਦੀਆਂ ਗਲੀਆਂ ਨੂੰ ਸਾਫ ਕਰਨ ਦਾ ਉਪਰਾਲਾ ਕਰਦੇ ਰਹਿੰਦੇ ਹਨ। ਇਸ ਸਾਲ ਗਰਮੀਆਂ ਦੇ ਸੁਰੂ ਵਿੱਚ ਆਪਣੀ ਮੁਹਿੰਮ ਦਾ ਅਗਾਜ਼ ਕੀਤਾ ਹੈ। ਦਿਨ ਸਨਿਚਰਵਾਰ 11 ਜੂਨ ਨੂੰ ਪਹਿਲੇ ਦਿਨ ਟੀਮ ਬਣਾਕੇ ਗਲੀਆਂ ਵਿੱਚ ਪਏ ਬੋਤਲਾਂ ਕਾਗਜ, ਗਤੇ ਆਦਿ ਇਕੱਠੇ ਕਰਕੇ ਕੂੜੇਦਾਨ ਵਿੱਚ ਪਾਏ। ਪਹਿਲੇ ਦਿਨ ਜੰਗੀਰ ਸਿੰਘ ਸੈਂਭੀ ਪਰਧਾਨ ਅਸੋਸੀਏਸ਼ਨ ਆਫ ਸੀਨੀਅਰਜ਼ ਕਲੱਬ, ਕੁਲਵੰਤ ਸਿੰਘ ਜੰਜੂਆ ਸਕੱਤਰ ਪੈਨਾਹਿਲ ਸੀਨੀਅਰਜ਼ ਕਲੱਬ ਅਤੇ ਕਾਰਜਕਾਰੀ ਕਮੇਟੀ ਦੇ ਅਹੁਦੇਦਾਰ ਸੁਖਦੇਵ ਸਿੰਘ ਮਾਨ,ਬਲਦੇਵ



ਕ੍ਰਿਸ਼ਨ, ਦਰਸ਼ਨ ਸਿੰਘ ਧਾਲੀਵਾਲ ਸੁਖਦੇਵ ਸਿੰਘ ਮੂਕਰ ਜਸਵੰਤ ਸਿੰਘ ਕੋਕਰੀ, ਆਦਿ ਨੇ ਸਫਾਈ ਕਰਨ ਵਿੱਚ ਯੋਗਦਾਨ ਪਾਇਆ। ਇਸੇ ਤਰ੍ਹਾਂ ਅੱਗੇ ਤੋਂ ਵੀ ਬਰੈਂਪਟਨ ਨੂੰ ਕਲੀਨ ਅਤੇ ਗਰੀਨ ਰਖਣ ਵਿੱਚ ਉਪਰਾਲਾ ਕਰਦੇ ਰਹਿਣ ਦਾ ਇਰਦਾ ਰੱਖਿਆ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration



We do appeal for Refusal cases also

Sponsor Your Family

MacroGlobal Immigration Services Ltd.

Seema Bhayana

MEMBER iccrc



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

NEED A LAWYER ??

Red Seal NOTARY

KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spouseal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਪਹਿਲਾ ਵਿਵਾਦ ਹਾਲੇ ਮੁੱਕਿਆ ਨਹੀਂ ਕਿ 'ਅਖੰਡ ਭਾਰਤ' ਦੇ ਨਕਸ਼ੇ ਨੇ ਨਵਾਂ ਬੇਲੋੜਾ ਵਿਵਾਦ ਛੇੜ ਛੱਡਿਐ

ਜਤਿੰਦਰ ਪਨੂੰ ਦੀ ਕਲਮ ਤੋਂ



ਬਿਨਾਂ ਕਿਸੇ ਖਾਸ ਲੋੜ ਤੋਂ ਅਤੇ ਪਹਿਲੀ ਬਿਲਡਿੰਗ ਨਾਲ ਬੁੱਤਾ ਸਰਦਾ ਹੋਣ ਦੇ ਬਾਵਜੂਦ ਭਾਰਤ ਸਰਕਾਰ ਵੱਲੋਂ ਬਣਾਈ ਗਈ ਪਾਰਲੀਮੈਂਟ ਦੀ ਨਵੀਂ ਬਿਲਡਿੰਗ 'ਸੈਂਟਰਲ ਵਿਸਟਾ' ਦਾ ਵਿਵਾਦ ਅਜੇ ਰੁਕਿਆ ਨਹੀਂ ਸੀ ਕਿ ਇਸ ਵਿੱਚ ਲਾਏ ਇੱਕ ਨਕਸ਼ੇ ਨੇ ਨਵਾਂ ਵਿਵਾਦ ਛੇੜ ਦਿੱਤਾ ਹੈ। ਹਿੰਦੀ ਅਤੇ ਹਿੰਦੂਤੱਵ ਦੀ ਧਾਰਨਾ ਨੂੰ ਮੰਨਦੀ ਪਾਰਟੀ ਦੀ ਅੰਗਰੇਜ਼ੀ ਨਾਲ ਮੋਹ ਵਾਲੀਜਿਸ ਟੀਮ ਨੇ ਨਵੀਂ ਬਿਲਡਿੰਗ ਲਈ ਇਹ ਖਾਸ ਨਾਮ ਚੁਣਿਆ ਹੈ, ਜੇ ਉਨ੍ਹਾਂ ਲੋਕਾਂ ਨੇ ਹਿੰਦੀ ਸ਼ਬਦਾਂ ਦੇ ਪ੍ਰਮੁੱਖ ਸ਼ਬਦ-ਕੋਸ਼ ਫੋਲ ਲਏ ਹੁੰਦੇ ਤਾਂ ਇਹ ਨਾਮ ਕਦੀਨਾਰੱਖਦੇ। ਅੰਗਰੇਜ਼ੀ ਦਾ ਸ਼ਬਦ 'ਵਿਸਟਾ' ਕਿਸੇ ਉੱਚੀ ਥਾਂ ਤੋਂ ਵੇਖੇ ਗਏ ਕਿਸੇ ਵੱਡੇ ਸਾਰੇ ਦ੍ਰਿਸ਼ ਦਾ ਪ੍ਰਤੀਕ ਹੋ ਸਕਦਾ ਹੈ, ਪਰ ਹਿੰਦੀ ਤੇ ਸੰਸਕ੍ਰਿਤ ਵਿੱਚ ਇਸ ਸ਼ਬਦ ਦਾ ਅਰਥ ਚੰਗਾ ਨਹੀਂ ਦੱਸਿਆ ਗਿਆ ਤੇ ਉਹ ਅਰਥ ਅਸੀਂ ਏਥੇ ਦੱਸਣਾ ਨਹੀਂ ਚਾਹੁੰਦੇ, ਜਿਨ੍ਹਾਂ ਕਿਸੇ ਦੀ ਖਾਹਿਸ਼ ਹੋਵੇ, ਉਹ ਗੁਰਬਾਣੀ ਵਿੱਚ ਵਾਰ-ਵਾਰ ਆਏ 'ਵਿਸਟਾ' ਸ਼ਬਦ ਦੇ ਅਰਥ ਵੇਖ ਕੇ ਹਿੰਦੀ ਵਾਲੇ ਅਰਥ ਵੀ ਜਾਣ ਸਕਦਾ ਹੈ।

ਇਸ ਨਵੀਂ ਇਮਾਰਤ ਦੀ ਲੋੜ, ਇਸ ਵਿੱਚ ਰੱਖੇ ਗਏ ਸੇਂਗੋਲ ਨਾਲ ਜੋੜੀਆਂ ਗਈਆਂ ਕੁਝ ਕਲਪਿਤ ਕਹਾਣੀਆਂ ਤੇ ਪੇਸ਼ ਕੀਤੇ ਗਏ ਕਿੱਸੇ ਦੀ ਚਰਚਾਸਭ ਪਿੱਛੇ ਰਹਿ ਗਏ ਤੇਜੂਨ ਦੇ ਦੂਸਰੇ ਹਫਤੇ ਇਸ ਦੀ ਥਾਂ ਨਵੀਂ ਬਿਲਡਿੰਗ ਵਿੱਚ ਲਾਏ ਗਏ ਇੱਕ ਪੁਰਾਣੇ ਨਕਸ਼ੇ ਦਾਵੱਡਾ ਵਿਵਾਦ ਛਿੜ ਗਿਆ ਹੈ। 'ਅਖੰਡ ਭਾਰਤ' ਨਾਂਅ ਦਾ ਇਹ ਨਕਸ਼ਾ ਉਸ ਪੁਰਾਣੇ ਭਾਰਤ ਦੇਸ਼ ਦਾ ਦੱਸਿਆ ਜਾਂਦਾ ਹੈ, ਜਦੋਂ ਇਸ ਦੇਸ਼ ਦੀਆਂ ਹੱਦਾਂ ਬਹੁਤ ਦੂਰ, ਪਾਕਿਸਤਾਨ ਜਾਂ ਬੰਗਲਾ ਦੇਸ਼, ਨੇਪਾਲ ਜਾਂ ਭੁਟਾਨ, ਸ੍ਰੀਲੰਕਾ ਜਾਂ ਸਮੁੰਦਰ ਵਿਚਲੇ ਮਾਲਦੀਵ ਤੱਕ ਹੀ ਨਹੀਂ ਸੀ ਜਾਂਦੀਆਂ, ਚੀਨ ਵਿੱਚ ਤਿੱਬਤ ਅਤੇ ਅਫਗਾਨਿਸਤਾਨ ਤੱਕ ਨੂੰ ਭਾਰਤੀ ਵਿਰਾਸਤਦੀ ਬੁੱਕਲ ਵਿੱਚ ਲੈਂਦੀਆਂ ਸਨ। ਇਸ ਨਕਸ਼ੇ ਦੀ ਪੇਸ਼ਕਾਰੀ ਕਰਨ ਦੀ ਲੋੜ ਕਿਉਂ ਪਈ ਅਤੇ ਇਹ ਕਿਸ ਚੁਸਤ ਦਿਮਾਗ ਦਾ ਫਤੂਰ ਸੀ, ਇਹ ਤਾਂ ਪਤਾ ਨਹੀਂ, ਪਰ ਇਸ ਕਾਰਨ ਭਾਰਤ ਦੇ ਕੁਝ ਮਿੱਤਰ ਦੇਸ਼, ਨੇਪਾਲ, ਭੁਟਾਨ ਅਤੇ ਬੰਗਲਾ ਦੇਸ਼ ਆਦਿ ਵੀ ਗਹਿਰੀ ਨਾਰਾਜ਼ਗੀ ਜ਼ਾਹਰ ਕਰਦੇ ਪਏ ਹਨ। ਇਨ੍ਹਾਂ ਵਿੱਚੋਂ ਗਵਾਂਢ ਦੇ ਮਿੱਤਰ ਦੇਸ਼ ਨੇਪਾਲ ਦੀ ਰਾਜਧਾਨੀ ਕਾਠਮੰਡੂ ਦੇ ਮੇਅਰ ਨੇ ਇਸ ਭਾਰਤੀ ਨਕਸ਼ੇ ਦੇ ਜਵਾਬ ਵਿੱਚ 'ਗਰੇਟਰ ਨੇਪਾਲ' ਦਾ ਨਕਸ਼ਾ ਕੱਢ ਲਿਆਂਦਾ ਹੈ, ਜਿਸ ਵਿੱਚ ਭਾਰਤ ਦੇ ਕਈ ਇਲਾਕੇ ਵਿਖਾ ਕੇ ਦੱਸਿਆ ਕਿ ਇਹ ਨੇਪਾਲ ਵਿੱਚ ਹੋਇਆ ਕਰਦੇ ਸਨ। ਚੀਨ ਪਹਿਲਾਂ ਹੀ ਭਾਰਤ ਦੇ ਅਰੁਣਾਚਲ ਪ੍ਰਦੇਸ਼ ਵਰਗੇ ਕਈ ਇਲਾਕਿਆਂ ਉੱਤੇ ਦਾਅਵਾ ਕਰਦਾ ਪਿਆ ਸੀ, ਜਦੋਂ ਉਸ ਵਿਚਲੇ ਤਿੱਬਤ ਨੂੰ ਭਾਰਤੀ ਨਕਸ਼ੇ ਵਿੱਚ 'ਕਿਸੇ ਸਮੇਂ ਸਾਡਾ ਰਹਿ ਚੁੱਕਾ' ਦੱਸਿਆ ਹੈ ਤਾਂ ਉਹ ਵੀ ਇਸ ਤੋਂ ਰਿੱਝਦਾ ਹੋ ਸਕਦਾ ਹੈਅਤੇ ਜਿਹੜੇ ਸ੍ਰੀਲੰਕਾ ਨੂੰ ਪਿਛਲੇ ਸਾਲ ਆਰਥਿਕ ਪੱਖੋਂ ਡੁੱਬਣ ਵੇਲੇ ਭਾਰਤ ਨੇ ਓੜਕਾਂ ਦੀ ਮਦਦ ਦਿੱਤੀ ਤੇ ਤਬਾਹ ਹੋਣ ਤੋਂ ਬਚਾਇਆ ਸੀ, ਉਸ ਵਿੱਚ ਵੀ ਇਸ ਨਕਸ਼ੇ ਕਾਰਨ ਕਈ ਤਰ੍ਹਾਂ ਦੀ ਚਰਚਾ ਛਿੜ ਗਈ ਸੁਣੀਂਦੀ ਹੈ। ਗਵਾਂਢ ਦੇ ਇਨ੍ਹਾਂ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਅਤੇ ਲੋਕਾਂ ਨੂੰ ਇਸ ਨਕਸ਼ੇ ਨਾਲ ਇੱਕ ਤਰ੍ਹਾਂ ਦੀ ਚੋਭ ਲੱਗੀ ਮਹਿਸੂਸ ਹੋ ਰਹੀ ਹੈ, ਜਿਸ ਦਾ ਕੋਈ ਜਾਇਜ਼ ਕਾਰਨ ਨਾ ਹੋਣ ਦੇ ਬਾਵਜੂਦ ਭਾਰਤ ਸਰਕਾਰ ਨੇ ਐਵੇਂ ਬੇਸੁਰੀ ਛੇੜ ਜਿਹੀ ਛੇੜ ਲਈ ਹੈ।

'ਅਖੰਡ ਭਾਰਤ' ਦੇ ਇਸ ਨਕਸ਼ੇ ਉੱਤੇ ਮਾਣ ਮਹਿਸੂਸ ਕਰਨ ਵਾਲੇ ਲੋਕ ਕਹਿੰਦੇ ਹਨ ਕਿ ਨਵੀਂ ਪੀੜ੍ਹੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਵੱਡੇ-ਵਡੇਰੇ ਕਿੱਥੋਂ ਤੱਕ ਰਾਜ ਕਰਦੇ ਰਹੇ ਸਨਤੇ ਉਸ ਦੇ ਮਨ ਵਿੱਚ ਸੁਫਨਾ ਹੋਣਾ ਚਾਹੀਦਾ ਹੈ ਕਿ ਏਦਾਂ ਦੇ ਭਾਰਤ ਦੀ ਉਸਾਰੀ ਕਰਨੀ ਹੈ, ਜਿਸ ਨਾਲ ਵਡੇਰਿਆਂ ਦੇ ਪੈਰੋਕਾਰ ਬਣ ਸਕੀਏ। ਇਸ ਤਰ੍ਹਾਂ ਵਡੇਰੇ ਅਤੇ ਜਠੇਰੇ ਪੂਜਣ ਦੀ ਸੋਚ ਵਾਲਿਆਂ ਨੂੰ ਇਹ ਗੱਲ ਪਤਾ ਨਹੀਂ ਕਿ ਭਾਰਤ ਇਕੱਲਾ ਦੇਸ਼ ਨਹੀਂ, ਜਿਸ ਕੋਲ ਏਨੇ ਦੇਸ਼ਾਂ ਉੱਤੇ ਕਿਸੇ ਸਮੇਂ ਰਾਜ ਕੀਤੇ ਹੋਣ ਦੀ ਵਿਰਾਸਤ ਹੈ, ਕਈ ਹੋਰ ਦੇਸ਼ ਇਸ ਤੋਂ ਵੱਡੇ ਤੇ ਬਹੁਤ ਵੱਡੇ ਨਕਸ਼ੇ ਆਪਣੇ ਕਬਾੜਖਾਨੇ ਵਿੱਚ ਸੰਭਾਲੀ ਬੈਠੇ ਹੋ ਸਕਦੇ ਹਨ। ਮਿਸਾਲ ਵਜੋਂ ਦੋ ਸਦੀਆਂ ਦੇ ਕਰੀਬ ਜਿਨ੍ਹਾਂ ਅੰਗਰੇਜ਼ਾਂ ਨੇ ਭਾਰਤ ਉੱਤੇ ਕਬਜ਼ਾ ਕਰੀ ਰੱਖਿਆ ਸੀ, ਉਨ੍ਹਾਂ ਦਾ ਇਤਹਾਸ ਸੋਚ ਲੈਣਾ ਚਾਹੀਦਾ ਹੈ। ਦੂਸਰੀ ਸੰਸਾਰ ਜੰਗ ਲੱਗਣ ਤੋਂ ਪਹਿਲਾਂ ਤੱਕ ਉਨ੍ਹਾਂ ਕੋਲ ਸਾਰੀ ਦੁਨੀਆ ਦੀ ਪੰਝੀ ਫੀਸਦੀ ਆਬਾਦੀ ਤੇ ਤੀਹ ਫੀਸਦੀ ਧਰਤੀ ਹੋਇਆ ਕਰਦੀ ਸੀ, ਅੱਜ ਉਸ ਬ੍ਰਿਟੇਨ ਕੋਲ ਜਿੰਨੀ ਧਰਤੀ ਦੀ ਮਾਲਕੀ ਹੈ, ਉਹ ਸਾਰੇ ਸੰਸਾਰ ਦਾ ਪੌਣਾ ਫੀਸਦੀ ਤੋਂ ਘੱਟ ਬਣਦੀ ਹੈ। ਭਾਰਤ ਦੇ ਸੁਫਨੇ-ਸਾਜ਼ 'ਅਖੰਡ ਭਾਰਤ' ਦੇ ਨਾਂਅ ਉੱਤੇ ਜਦੋਂ ਇਹ ਕਹਿਣਗੇ ਕਿ ਅਗਲੀ ਪੀੜ੍ਹੀ ਦੇ ਮਨਾਂ ਵਿੱਚ ਪੁਰਾਣੇ ਭਾਰਤ ਦਾ ਸੁਫਨਾ ਰੱਖਣ ਦੀ ਇੱਛਾ ਹੈ, ਜਿਸ ਵਿੱਚ ਕਿਸੇ ਸਮੇਂ ਅਫਗਾਨਿਸਤਾਨ ਵੀ ਹੁੰਦਾ ਸੀ ਤਾਂ ਇਹੋ ਸੋਚ ਕਿਸੇ ਹੋਰ ਮਨ ਵਿੱਚ ਵੀ ਉੱਠ ਸਕਦੀ ਹੈ। ਇਸ ਦੁਨੀਆ ਨੇ ਬੜੇ ਸਾਮਰਾਜ ਹੰਢਾਏ ਅਤੇ ਭੁਗਤੇ ਹੋਏ ਹਨ, ਉਹ ਏਦਾਂ ਹੀ ਇਤਹਾਸ ਵਿੱਚ ਦੱਬੇ ਰਹਿਣ ਤਾਂ ਚੰਗਾ ਹੈ।

ਅਜੋਕੇ ਸਮਿਆਂ ਵਿੱਚ ਇਹ ਧਾਰਨਾ ਪ੍ਰਚਾਰੀ ਜਾਂਦੀ ਹੈ ਕਿ ਆਜ਼ਾਦੀ ਮਿਲਣ ਵੇਲੇ ਪਾਕਿਸਤਾਨ ਬਣਾਏ ਜਾਣ ਲਈ ਫਲਾਣਾ ਜ਼ਿੰਮੇਵਾਰ ਸੀ ਤੇ ਫਲਾਣੇ ਦੀ ਗੱਲ ਨਹੀਂ ਮੰਨੀ ਗਈ। ਏਦਾਂ ਦੀਆਂ ਕਹਾਣੀਆਂ ਲਿਖਣ ਵਾਲਿਆਂ ਨੂੰ ਜਦੋਂ ਪਤਾ ਹੈ ਕਿ ਉਨ੍ਹਾਂ ਦੀ ਕਹੀ ਗੱਲ ਸਾਰੇ ਦੇਸ਼ ਦੇ ਕੌਮੀ ਮੀਡੀਏ ਨੇ 'ਅਣਹੋਈ' ਤੋਂ ਸਚਮੁੱਚ 'ਹੋਈ' ਬਣਾ ਕੇ ਪੇਸ਼ ਕਰਨ ਦਾ ਪੂਰਾ ਤਾਣ ਲਾ ਦੇਣਾ ਤੇ ਸੱਚਾਈ ਨੂੰ ਕਬਾੜ ਹੇਠ ਦੱਬਣ ਲਈ ਤਿਆਰ ਰਹਿਣਾ ਹੈ ਤਾਂ ਉਨ੍ਹਾਂ ਨੂੰ ਸ਼ੋਸ਼ੇ ਛੱਡਣ ਤੋਂ ਕੋਈ ਝਿਜਕ ਨਹੀਂ ਹੋ ਸਕਦੀ। ਸੱਚਾਈ ਇਹ ਹੈ ਕਿ ਉਸ ਵੇਲੇ ਮੁਹੰਮਦ ਅਲੀ ਜਿਨਾਹ, ਜਿਹੜਾ ਪੱਕੇ ਮੁਸਲਮਾਨਾਂ ਵਾਂਗਖੁਦ ਬੰਧੇਜ ਵਾਲਾ ਜੀਵਨ ਨਹੀਂ ਸੀ ਗੁਜ਼ਾਰਦਾ, ਆਪਣੇ ਭਾਈਚਾਰੇ ਲਈ ਵੱਖਰਾ ਦੇਸ਼ ਮੰਗਦਾ ਸੀ ਤਾਂ ਹਿੰਦੂਤੱਵ ਦੇ ਧਾਰਨੀਆਂ ਵਿੱਚੋਂ ਵੀ ਕਈ ਆਗੂਆਂ ਦੀ ਇਹੋ ਸੋਚ ਸੀਮੁਸਲਮਾਨ ਇਸ ਦੇਸ਼ ਤੋਂ ਨਿਕਲ ਹੀ ਜਾਣ ਤਾਂ ਚੰਗਾ ਹੈ। ਨਤੀਜੇ ਵਜੋਂ ਪਾਕਿ-ਸਤਾਨ ਬਣ ਗਿਆ ਤਾਂ ਉਸ ਪਾਸਿਉਂ ਕਈ ਵਾਰ ਭਾਰਤ ਦੇ ਕੌਮੀ-ਗੀਤ 'ਜਨ ਗਣ ਮਨ' ਬਾਰੇ ਵਿਰੋਧ ਦੀਆਂ ਸੁਰਾਂ ਨਿਕਲਦੀਆਂ ਰਹੀਆਂ ਹਨ ਕਿ ਸਿੰਧ ਜਦੋਂ ਅਜੋਕੇ ਭਾਰਤ ਕੋਲ ਹੈ ਹੀ ਨਹੀਂ, ਉਹ ਪਾਕਿਸਤਾਨ ਵਿੱਚ ਸ਼ਾਮਲ ਹੋ ਗਿਆ ਹੈ ਤਾਂ ਭਾਰਤ ਦੇ ਕੌਮੀ-ਗੀਤ ਵਿੱਚ ਨਹੀਂ ਹੋਣਾ ਚਾਹੀਦਾ। ਆਜ਼ਾਦੀ ਸੰਗਰਾਮ ਦੇ ਦਿਨਾਂ ਤੋਂ ਜਿਹੜਾ ਗੀਤ ਭਾਰਤੀ ਲੋਕ ਗਾਉਂਦੇ ਆਏ ਹਨ, ਉਹ ਅੱਜ ਵੀ ਗਾਉਂਦੇ ਹਨ ਤੇ ਜਦੋਂ ਸਾਡਾ ਪ੍ਰਧਾਨ ਮੰਤਰੀ ਜਾਂ ਕੋਈ ਹੋਰ ਵੱਡਾ ਆਗੂ ਪਾਕਿਸਤਾਨ ਜਾਂਦਾ ਹੈ ਤਾਂ ਡਿਪਲੋਮੈਟਿਕ ਰਿਵਾਇਤ ਦੇ ਅਨੁਸਾਰ ਓਥੋਂ ਦੀ ਸਰਕਾਰ ਨੂੰ ਭਾਰਤੀ ਆਗੂ ਦੇ ਸਵਾਗਤ ਵਾਸਤੇ ਉਸੇ ਗੀਤ ਵਾਲੀ ਧੁਨ ਵਜਾਉਣੀ ਤੇ ਉਹ ਹੀ ਗੀਤ ਗਾਉਣਾ ਪੈਂਦਾ ਹੈ, ਜਿਹੜਾ ਉਨ੍ਹਾਂ ਨੂੰ ਪਸੰਦ ਨਹੀਂ। ਭਾਰਤ ਨੂੰ ਵੀ ਅੱਜ ਦੇ ਆਚਾਰ-ਵਿਹਾਰ ਦੀ ਰਿਵਾਇਤ ਮੁਤਾਬਕ ਉਹ ਪੁਰਾਣਾ ਨਕਸ਼ਾ ਇਸ ਵਕਤ ਪੇਸ਼ ਨਹੀਂ ਸੀ ਕਰਨਾ ਬਣਦਾ।

ਇੱਕ ਸਵਾਲ ਇਹ ਉੱਠਦਾ ਹੈ ਕਿ ਉਹ ਨਕਸ਼ਾ ਜਿਸ ਪੁਰਾਣੇ ਸਮੇਂ ਦਾ ਹੈ, ਉਸ ਵਕਤ ਭਾਰਤ ਦੀਆਂ ਹੱਦਾਂ ਫੈਲ ਕੇ ਏਡੀ ਦੂਰ ਤੱਕ ਕਿਵੇਂ ਚਲੇ ਗਈਆਂ ਸਨ! 'ਅਖੰਡ ਭਾਰਤ' ਦੇ ਪ੍ਰਚਾਰਕ ਇਹ ਕਹਿੰਦੇ ਹਨ ਕਿ ਭਾਰਤ ਨੇ ਇਹ ਮਾਣ ਸਮਰਾਟ ਅਸ਼ੋਕ ਦੇ ਵਕਤ ਹਾਸਲ ਕੀਤਾ ਸੀ, ਪਰ ਉਹ ਸਿਰਫ ਇਹੋ ਚੇਤਾ ਰੱਖਦੇ ਹਨ ਕਿ ਅਫਗਾਨਿਸਤਾਨ ਤੱਕ ਭਾਰਤ ਦਾ ਰਾਜ ਹੁੰਦਾ ਸੀ, ਇਹ ਚੇਤਾ ਰੱਖਣ ਦੀ ਲੋੜ ਨਹੀਂ ਸਮਝਦੇ ਕਿ ਖੁਦ ਭਾਰਤ ਦੇ ਦੱਖਣ ਵਾਲਾ ਅਜੋਕਾ ਤਾਮਿਲ ਨਾਡੂ ਸਮਰਾਟ ਅਸ਼ੋਕ ਦੇ ਰਾਜ ਵਿੱਚ ਸ਼ਾਮਲ ਨਹੀਂ ਸੀ। ਉਨ੍ਹਾਂ ਵਕਤਾਂ ਵਿੱਚ ਹਰ ਨਵੇਂ ਰਾਜੇ ਦੀ ਆਮਦ ਨਾਲ ਜੰਗਾਂ ਲੱਗਦੀਆਂਤੇ ਹੱਦਾਂ ਫੈਲਦੀਆਂ-ਸੁੰਗੜਦੀਆਂ ਸਨ, ਅੱਜ ਦੇ ਦੌਰ ਵਿੱਚ ਓਦਾਂ ਦੀਆਂ ਜੰਗਾਂ ਨਹੀਂ ਲੜੀਆਂ ਜਾ ਸਕਦੀਆਂ। ਕਹਿਣ ਦੀ ਗੱਲ ਵੱਖਰੀ ਹੈ ਕਿ ਅਸੀਂ ਪਾਕਿਸਤਾਨ ਤੋਂ ਕਸ਼ਮੀਰ ਦਾ ਉਹ ਹਿੱਸਾ ਛੁਡਾ ਲੈਣਾ ਹੈ, ਜਿਹੜਾ ਉਸ ਨੇ ਦੇਸ਼ ਦੀ ਵੰਡ ਵੇਲੇ ਅੰਗਰੇਜ਼ਾਂ ਦੀ ਸਾਜ਼ਿਸ਼ੀ ਹਮਾਇਤ ਸਦਕਾ ਮੱਲ ਲਿਆ ਸੀ। ਇਸ ਦੇ ਉਲਟ ਪਾਕਿਸਤਾਨ ਵਿੱਚ ਇਹ ਗੱਲ ਪ੍ਰਚਾਰੀ ਜਾਂਦੀ ਹੈ ਕਿ ਭਾਰਤ ਤੋਂ ਸਾਰਾ ਕਸ਼ਮੀਰ ਖੋਹ ਲੈਣਾ ਹੈ। ਅਜੋਕੇ ਦੌਰ ਵਿੱਚ ਨਾ ਤਾਂ ਪਾਕਿਸਤਾਨ ਹੀ ਭਾਰਤ ਤੋਂ ਕਸ਼ਮੀਰ ਖੋਹ ਸਕਦਾ ਹੈ ਤੇ ਨਾ ਭਾਰਤ ਨੇ ਕਦੀ ਦੱਬਿਆ ਹੋਇਆ ਕਸ਼ਮੀਰੀ ਇਲਾਕਾ ਪਾਕਿਸਤਾਨ ਤੋਂ ਛੁਡਵਾ ਸਕਣਾ ਹੈ।

ਸਮਰਾਟ ਅਸ਼ੋਕ ਵਾਂਗ ਭਾਰਤ ਦੀਆਂ ਹੱਦਾਂ ਦਾ ਖਿਲਾਰਾ ਵਧਾਉਣ ਦੀ ਗੱਲ ਕਰਨ ਵਾਲਿਆਂ ਨੂੰ ਜੰਗਾਂ ਦੀ ਚਰਚਾ ਕਰਨੀ ਚੰਗੀ ਲੱਗਦੀ ਹੈ, ਪਰ ਜੰਗਾਂ ਦੀ ਭਿਆਨਕਤਾ ਦਾ ਪਤਾ ਨਹੀਂ ਜਾਂ ਸੋਚਣਾ ਨਹੀਂ ਚਾਹੁੰਦੇ। ਜਿਹੜੇ ਸਮਰਾਟ ਅਸ਼ੋਕ ਵੱਲੋਂ ਭਾਰਤ ਦੀਆਂ ਹੱਦਾਂ ਅਫਗਾਨਿਸਤਾਨ ਤੱਕ ਫੈਲਾਉਣ ਦੀਆਂ ਗੱਲਾਂ ਚੱਲਦੀਆਂ ਹਨ, ਉਸ ਨੇ ਉਸ ਵਕਤ ਉਹ ਜੰਗਾਂ ਰਿਵਾਇਤੀ ਹਥਿਆਰਾਂ ਨਾਲ ਲੜੀਆਂ ਸਨ, ਤੋਪਾਂ-ਬੰਦੂਕਾਂ ਅਜੇ ਨਹੀਂ ਸੀ ਬਣੀਆਂ, ਪਰ ਅੱਜ ਦੇ ਯੁੱਗ ਵਿੱਚ ਛੋਟੇ-ਛੋਟੇ ਦੇਸ਼ ਵੀ ਐਟਮੀ ਮਿਜ਼ਾਈਲਾਂ ਚੁੱਕੀ ਫਿਰਦੇ ਹਨ। ਕਾਲਿੰਗਾ ਦੀ ਜੰਗਦਾ ਜ਼ਿਕਰ ਬੜੇ ਮਾਣਅਤੇ ਜੋਸ਼ ਨਾਲ ਕੀਤਾ ਜਾਂਦਾ ਹੈ, ਪਰ ਉਸ ਜੰਗ ਵਿੱਚ ਸੱਤਰ ਹਜ਼ਾਰ ਫੌਜੀ ਸਮਰਾਟ ਅਸ਼ੋਕ ਦੇ ਮਾਰੇ ਗਏ ਸਨ ਅਤੇ ਉਸ ਵਿਰੁੱਧ ਲੜਨ ਵਾਲੀ ਧਿਰ ਦੇ ਵੀ ਇੱਕ ਲੱਖ ਤੋਂ ਵੱਧ ਫੌਜੀ ਮਾਰੇ ਗਏ ਸਨ, ਜਦੋਂ ਸਾਰੇ ਸੰਸਾਰ ਦੀ ਆਬਾਦੀ ਹਾਲੇ ਅੱਧਾ ਕਰੋੜ ਨਹੀਂ ਸੀ ਗਿਣੀ ਜਾਂਦੀ। ਏਡੀ ਖੂਨੀ ਜੰਗ ਲੜ ਕੇ ਮੱਲ ਲਿਆ ਅਫਗਾਨਿਸਤਾਨ ਫਿਰ ਵੀ ਭਾਰਤ ਕੋਲ ਸਦਾਵਾਸਤੇਨਹੀਂ ਸੀ ਰਿਹਾ, ਉਸ ਨੂੰ ਭਾਰਤ ਕੋਲੋਂ ਖੋਹਣ ਤੇ ਅੱਗੇ ਵਧ ਕੇ ਦਿੱਲੀ ਉੱਤੇ ਕਬਜ਼ਾ ਕਰਨ ਵਾਲੇ ਵੀ ਇਤਹਾਸ ਨੇ ਪੇਸ਼ ਕਰ ਦਿੱਤੇ ਸਨ। ਇਸ ਲਈ ਇਹੋ ਜਿਹੇ ਵਹਿਮ ਪਾਲਣ ਅਤੇ ਪ੍ਰਚਾਰਨ ਨਾਲ ਭਾਰਤ ਦਾ ਕੋਈ ਫਾਇਦਾ ਨਹੀਂ ਹੋ ਸਕਣਾ।

ਹਾਂ ਇੱਕ ਗੱਲ ਹੋ ਸਕਦੀ ਹੈ ਤੇ ਉਹ ਰਾਜਪੂਤਾਨੇ ਦੇ ਇਤਹਾਸ ਤੋਂ ਨਿਕਲੀ ਮਿਸਾਲ ਤੋਂ ਮਿਲਦੀ ਹੈ। ਕਿਹਾ ਜਾਂਦਾ ਹੈ ਕਿ ਉਸ ਰਾਜ ਦੇ ਇੱਕ ਖਾਸ ਭਾਈਚਾਰੇ ਦੇ ਲੋਕ ਅੱਜਕੱਲ੍ਹ ਸੋਹਣੇ ਘਰਾਂ ਤੇ ਕੋਠੀਆਂ ਵਿੱਚ ਰਹਿੰਦੇ ਹਨ, ਬਿਸਤਰੇ ਵੀ ਨਵੇਂ ਯੁੱਗ ਮੁਤਾਬਕ ਡਬਲ-ਬੈੱਡ ਵਾਲੇ ਹੁੰਦੇ ਹਨ, ਪਰ ਸਿਰਹਾਣੇ ਹੇਠ ਘਾਹ ਦੀਆਂ ਤਿੜ੍ਹਾਂ ਰੱਖਦੇ ਹਨ। ਦੱਸਦੇਹਨ ਕਿ ਉਹ ਆਪਣੇ ਆਪ ਨੂੰ ਇੱਕ ਖਾਸ ਬਹਾਦਰ ਰਾਜੇ ਦੇ ਵਾਰਸ ਮੰਨਦੇ ਹਨ ਤੇ ਕਹਿੰਦੇ ਹਨ ਕਿ ਉਸ ਨੇ ਕਿਹਾ ਸੀ ਕਿ ਜਦੋਂ ਤੱਕ ਓਦੋਂ ਵਾਲਾ ਰਾਜ ਵਾਪਸ ਨਹੀਂ ਮਿਲਦਾ, ਸਾਡੇ ਲੋਕ ਘਾਹ ਉੱਤੇ ਸੌਣਗੇ। ਉਹ ਸੋਹਣੇ ਘਰ ਬਣਾ ਕੇ ਉਨ੍ਹਾਂ ਦੇ ਵਿੱਚ ਮੌਜੂਦ ਅਜੋਕੇ ਸਮੇਂ ਦੀ ਹਰ ਸਹੂਲਤਮਾਣਦੇ ਹਨ, ਪਰ ਵਡੇਰਿਆਂ ਦਾ ਕਿਹਾ ਮੰਨਣ ਲਈ ਅਜੇ ਵੀ ਸਿਰਹਾਣੇ ਹੇਠ ਘਾਹ ਦੀਆਂ ਤਿੜ੍ਹਾਂ ਰੱਖਦੇ ਹਨ ਅਤੇ ਘਾਹ ਦੀਆਂ ਇਹ ਤਿੜ੍ਹਾਂ ਕੁਝ ਖਾਸ ਦੁਕਾਨਾਂ ਉੱਤੇ ਮਹਿੰਗੇ ਭਾਅ ਮਿਲਦੀਆਂ ਹਨ। ਮੈਨੂੰ ਪੱਕਾ ਪਤਾ ਨਹੀਂ ਕਿ ਉਸ ਭਾਈਚਾਰੇ ਦੇ ਲੋਕ ਸਚਮੁੱਚ ਇਸ ਤਰ੍ਹਾਂ ਕਰਦੇ ਹਨ ਕਿ ਸਿਰਫ ਇੱਕ ਕਹਾਣੀ ਘੜੀ ਗਈ ਹੈ, ਪਰ ਇਸ ਮਿਸਾਲ ਨਾਲ ਇਹ ਗੱਲ ਕਹੀ ਜਾ ਸਕਦੀ ਹੈ ਕਿ 'ਅਖੰਡ ਭਾਰਤ' ਦੇ ਸੁਫਨੇ ਦਾ ਦੌਰ ਅੱਜ ਨਹੀਂ ਰਿਹਾ, ਉਂਜ ਨਕਸ਼ਾ ਸਿਰਹਾਣੇ ਰੱਖ ਕੇ ਹੁਸੀਨ ਸੁਫਨੇ ਲੈਣ ਨੂੰ ਦਿਲ ਕਰਦਾ ਹੋਵੇ ਤਾਂ ਕੋਈ ਵੀ ਲੈ ਸਕਦਾ ਹੈ।

# ਬਾਬਾ ਬੰਦਾ ਸਿੰਘ ਬਹਾਦਰ

-ਦਿਲਜੀਤ ਸਿੰਘ ਬੇਦੀ-

ਕੁਰਬਾਨੀ ਉਹ ਮਹਾਨ ਹੁੰਦੀ ਹੈ ਜਿਸਦੇ ਪਿੱਛੇ ਉਦੇਸ਼ ਮਹਾਨ ਹੋਵੇ, ਸੰਘਰਸ਼ ਉਹ ਮਹਾਨ ਹੁੰਦਾ ਹੈ ਜੋ ਕਿਸੇ ਉਦੇਸ਼ ਦੀ ਪੂਰਤੀ ਲਈ ਹੋਵੇ। ਨਿਆਸ਼ੀਲ ਹੋਣਾ ਗੁਰੂ ਦੇ ਸਿੱਖ ਦਾ ਮੂਲ ਆਸ਼ਾ ਹੈ, ਇਸ ਲਈ ਜਿਥੇ ਕਿਤੇ ਵੀ ਉਹ ਜ਼ਬਰ, ਜ਼ੁਲਮ, ਅਤਿਆਚਾਰ ਜਾਂ ਧੱਕੇਸ਼ਾਹੀ ਹੁੰਦੀ ਦੇਖਦਾ ਹੈ, ਉਸਦਾ ਵਿਰੋਧ ਕਰਨਾ ਉਹ ਆਪਣਾ ਪਰਮ ਕਰਤਵ ਸਮਝਦਾ ਹੈ। ਨਤੀਜੇ ਵਜੋਂ ਸ਼ਹੀਦੀ ਵੀ ਦੇਣੀ ਪੈ ਸਕਦੀ ਹੈ। ਸਿੱਖ ਇਤਿਹਾਸ ਅਜਿਹੀਆਂ ਸ਼ਹੀਦੀਆਂ ਨਾਲ ਭਰਿਆ ਪਿਆ ਹੈ।

1708 ਈ: ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਦਾ ਪਾਲਣ ਕਰਨ ਲਈ ਜਦ ਬਾਬਾ ਬੰਦਾ ਸਿੰਘ ਜੀ ਪੰਜਾਬ ਆਏ ਤਾਂ ਉਨ੍ਹਾਂ ਕੋਲ ਗੁਰੂ ਜੀ ਵੱਲੋਂ ਮਿਲੇ ਪੰਜ ਤੀਰ, ਖੰਡਾ ਤੇ ਨਗਾਰਾ ਸੀ।

ਬੰਦੇ ਗੁਰ ਖੰਡਾ ਦਯੋ, ਲਯੋ ਓਨੈ ਗਲ ਪਾਇ।

ਖਾਲਸੋ ਦੇਖ ਸੁ ਵਿਟਰਯੋ ਤਿਨ ਖੰਡੋ ਲਯੋ ਛਿਨਾਇ।'
(ਪੰਥ ਪ੍ਰਕਾਸ਼)

ਸਲਾਹ ਮਸ਼ਵਰਾ ਕਰਨ ਲਈ ਗੁਰੂ ਸਾਹਿਬ ਨੇ ਪੰਜ ਪਿਆਰੇ ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ ਤੇ ਭਾਈ ਰਣ ਸਿੰਘ ਨਾਲ ਤੋਰੇ। ਇਨ੍ਹਾਂ ਤੋਂ ਇਲਾਵਾ 20 ਸਿੰਘ ਹੋਰ ਨਾਲ ਭੇਜੇ। ਇਨ੍ਹਾਂ 25 ਸਿੰਘਾਂ ਦੇ ਕਾਫਲੇ ਨੇ ਪੰਜਾਬ ਵੱਲ ਹਨੇਰੀ ਦੀ ਤਰ੍ਹਾਂ ਕੂਚ ਕੀਤਾ। ਦਿੱਲੀ ਪਾਰ ਕਰਦਿਆਂ ਹੀ ਸਿੱਖ ਸੰਗਤਾਂ ਨੂੰ ਹੁਕਮਨਾਮੇ ਭੇਜੇ ਗਏ। ਸਿੱਖ ਸੰਗਤਾਂ ਹੁਕਮ ਦਾ ਪਾਲਣ ਕਰਦਿਆਂ ਬਾਬਾ ਬੰਦਾ ਸਿੰਘ ਬਹਾਦਰ ਦੇ ਸੁਆਗਤ ਲਈ ਅੱਗੇ ਆ ਗਈਆਂ। ਗੁਰੂ ਸਾਹਿਬ ਦੇ ਪਰਿਵਾਰ ਦੀਆਂ ਸ਼ਹੀਦੀਆਂ ਦੇ ਜ਼ਖਮ ਸਿੱਖ ਸੰਗਤਾਂ ਵਿਚ ਅਜੇ ਤਾਜੇ ਸਨ। ਉਹ ਕੁੱਝ ਸਮੇਂ ਦੇ ਅੰਦਰ ਹੀ ਬਾਬਾ ਬੰਦਾ ਸਿੰਘ ਬਹਾਦਰ ਦੇ ਝੰਡੇ ਥੱਲੇ ਇਕੱਠੇ ਹੋ ਗਏ, ਉਨ੍ਹਾਂ ਨੇ ਰਣ-ਭੂਮੀ ਵਿੱਚ ਆਪਣਾ ਨਾਹਰਾ 'ਰਾਜ ਕਰੇਗਾ ਖਾਲਸਾ' ਨਿਸ਼ਚਿਤ ਕਰ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਦੇ ਸਮਕਾਲੀ ਮੁਸਲਮਾਨ ਲੇਖਕ ਮੁਹੰਮਦ ਕਾਸਿਮ ਲਾਹੌਰੀ ਦੇ ਲਿਖਤ 'ਇਬਰਤਨਾਮਾ' (ਰਚਿਤ 1722 ਈ:) ਅਨੁਸਾਰ "ਸਿੱਖਾਂ ਤੇ ਮੁਗਲਾਂ ਵਿਚਕਾਰ ਘੋਲ, ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਸ਼ੁਰੂ ਹੋਇਆ ਤੇ ਇਸਨੂੰ ਸ਼ੁਰੂ ਕਰਨ ਵਾਲਾ ਬਾਬਾ ਬੰਦਾ ਸਿੰਘ ਬਹਾਦਰ ਸੀ।" ਇਸ ਪ੍ਰਕਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਦੀ ਸਿਆਸਤ ਵਿਚ ਪਹਿਲੀ ਵਾਰ ਸਰਗਰਮ ਧਮਾਕਾ ਛੱਡਿਆ। ਇਸ ਧਮਾਕੇ ਨੂੰ 'ਅਜਬ ਬਲਾ' ਕਹਿਣ ਵਾਲੇ ਸਰਕਾਰੀ ਮੁਸਲਮਾਨ ਲੇਖਕ ਇਸ ਗੱਲ ਦੀ ਪ੍ਰੋੜਤਾ ਕਰਦੇ ਹਨ ਕਿ ਪੰਜਾਬ ਦੀ ਸਿਆਸਤ ਵਿਚ ਬੰਦਾ ਸਿੰਘ ਨੇ ਅਜਿਹੀ ਹਲਚਲ ਮਚਾਈ ਕਿ ਮੁਗਲਾਂ ਨੂੰ ਵਿਸ਼ਵਾਸ ਨਹੀਂ ਆ ਸਕਦਾ ਸੀ ਕਿ ਇਸ ਤਰ੍ਹਾਂ ਵੀ ਹੋ ਸਕਦਾ ਹੈ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਆਏ ਤਾਂ ਉਨ੍ਹਾਂ ਕੋਲ 25 ਸਿੰਘਾਂ ਤੋਂ ਇਲਾਵਾ ਨਾ ਤਾਂ ਕੋਈ ਫੌਜ ਸੀ ਤੇ ਨਾ ਹੀ ਸ਼ਸਤਰ, ਨਾ ਕੋਈ ਖਜਾਨਾ ਸੀ ਤੇ ਨਾ ਹੀ ਘੋੜੇ ਹਾਥੀ। ਮੁਸਲਮਾਨ ਲਿਖਾਰੀ ਖ਼ਫ਼ੀ ਖਾਨ ਤੇ ਮੁਹੰਮਦ ਕਾਸਮ ਅਨੁਸਾਰ ਛੇਤੀ ਹੀ 4000 ਘੋੜ ਸਵਾਰ ਤੇ 7800 ਸਿਪਾਹੀ ਪੈਦਲ ਉਸ ਨਾਲ ਆ ਰਲੇ। ਮਸ਼ਹੂਰ ਇਤਿਹਾਸਕਾਰ ਗੋਕਲ ਚੰਦ ਨਾਰੰਗ ਅਨੁਸਾਰ ਪੈਦਲ ਸੈਨਿਕਾਂ ਦੀ ਗਿਣਤੀ 8900 ਹੋ ਗਈ ਤੇ ਵੱਧਦੀ ਹੋਈ ਅੰਤ 40,000 ਤੱਕ ਪਹੁੰਚ ਗਈ। ਬਾਬਾ ਬੰਦਾ ਸਿੰਘ ਬਹਾਦਰ ਆਪਣੇ ਸਮੇਂ ਦਾ ਇਕ ਉੱਤਮ ਦਰਜੇ ਦਾ ਸਿੱਖ ਯੋਧਾ ਤੇ ਪਹਿਲਾ ਸਿੱਖ ਹੁਕਮਰਾਨ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਆਦੇਸ਼ ਅਨੁਸਾਰ ਸਿੰਘਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਪੰਜਾਬ ਵਿਚ ਜੋ ਇਨਕਲਾਬ ਲਿਆਂਦਾ, ਉਹ ਇਕ ਹੈਰਾਨੀਕੁੰਨ ਇਤਿਹਾਸਕ ਹਕੀਕਤ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਜਦ 1708 ਈ: ਵਿਚ ਪੰਜਾਬ ਅੰਦਰ ਪ੍ਰਵੇਸ਼ ਕੀਤਾ ਤਾਂ ਉਨ੍ਹਾਂ ਦੇ ਸਾਹਮਣੇ ਮੁੱਖ ਉਦੇਸ਼ ਮੁਗਲਾਂ ਦੇ ਰਾਜ ਦੀ ਸਮਾਪਤੀ ਤੇ ਪੰਜਾਬ ਦੀ ਉਸ ਸੁਤੰਤਰਤਾ ਨੂੰ ਬਹਾਲ ਕਰਨਾ ਸੀ ਜੋ ਸੱਤ ਸੌ ਸਾਲ ਪਹਿਲਾਂ ਗਜਨੀ ਦੇ ਤੁਰਕਾਂ ਨੇ ਮਹਿਮੂਦ ਗਜਨਵੀ ਦੇ ਅਧੀਨ ਪੰਜਾਬ ਦੇ ਹਿੰਦੂ ਲੋਕਾਂ ਤੋਂ ਖੋਹੀ ਸੀ।

ਬਾਬਾ ਬੰਦਾ ਸਿੰਘ ਬਹਾਦਰ ਦੀ ਫੌਜ ਦੀ ਬਣਤਰ ਤੋਂ ਇਸ ਗੱਲ ਦੀ ਪ੍ਰੋੜਤਾ ਹੁੰਦੀ ਹੈ ਕਿ ਬਾਬਾ ਜੀ ਦਾ ਮੰਤਵ ਪੰਜਾਬ ਦੇ ਹਰ ਵਰਗ ਦੇ ਲੋਕਾਂ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਕਰਨਾ ਸੀ। ਸਮਕਾਲੀ ਭਰੋਸੇਯੋਗ ਗਵਾਹੀਆਂ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦੀ ਫੌਜ ਵਿਚ ਕੇਵਲ ਸਿੱਖ ਹੀ ਨਹੀਂ ਸਨ, ਘੱਟੋ-ਘੱਟ ਪੰਜ ਹਜ਼ਾਰ ਮੁਸਲਮਾਨ ਵੀ ਮੁਗਲਾਂ ਵਿਰੁੱਧ ਲੜਨ ਲਈ ਉਨ੍ਹਾਂ ਦਾ ਸਾਥ ਦੇ ਰਹੇ ਸਨ। ਈਰਾਨ, ਤੁਰਾਕ, ਕਾਬਲ, ਕੰਧਾਰ ਤੇ ਮੁਲਤਾਨ ਦੇ ਹਿੰਦੂ ਵੀ ਹਜ਼ਾਰਾ ਦੀ ਗਿਣਤੀ ਵਿਚ ਨਾਲ ਆ ਰਲੇ। ਉਦਾਸੀ ਸੰਤਾਂ ਤੇ ਮਸੰਦਾਂ ਦੇ ਪ੍ਰਚਾਰ ਸਦਕਾ ਇਹ ਲੋਕ ਕਾਫੀ ਚਿਰ ਤੋਂ ਸਿੱਖ ਧਰਮ ਵਿਚ ਪ੍ਰਵੇਸ਼ ਕਰ ਚੁੱਕੇ ਸਨ। ਪੰਜਾਬ ਵਿਚ ਆ ਕੇ ਇਹ ਅੰਮ੍ਰਿਤ ਛੱਕ ਕੇ ਬਾਬਾ ਬੰਦਾ ਸਿੰਘ ਦੀ ਫੌਜ ਵਿਚ ਸ਼ਾਮਲ ਹੋ ਗਏ।

ਇਨ੍ਹਾਂ ਤੋਂ ਇਲਾਵਾ ਬਾਬਾ ਜੀ ਨੇ ਪਛੜੀਆਂ ਸ਼੍ਰੇਣੀਆਂ ਤੇ ਦਲਿਤ ਜਾਤੀਆਂ ਨੂੰ ਵੀ ਨਾਲ ਰੱਖਿਆ। ਉਨ੍ਹਾਂ ਨੇ ਪ੍ਰਤੀਤ ਕਰ ਲਿਆ ਸੀ ਕਿ ਅੰਮ੍ਰਿਤ ਛਕਣ ਦੇ ਬਾਅਦ ਜਾਤ-ਪਾਤ ਦਾ ਭੇਦ-ਭਾਵ ਮਿਟ ਜਾਂਦਾ ਹੈ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਨ੍ਹਾਂ ਦੁਰਬਲ ਤੇ ਨਿਤਾਣੇ ਹੋਏ ਲੋਕਾਂ ਅੰਦਰ ਸਾਹਸ ਪੈਦਾ ਕਰਕੇ ਆਪਣੇ ਨਾਲ ਰਲਾਉਣ ਨਾਲ ਅੰਦੋਲਨ ਦੁਰਬਲ ਹੋਣ ਦੀ ਥਾਂ ਹੋਰ ਮਜ਼ਬੂਤ ਹੁੰਦਾ ਹੈ।

ਖਰਚਾ ਚਲਾਉਣ ਅਤੇ ਧੰਨ ਦੀ ਪੂਰਤੀ ਲਈ ਉਸਨੇ ਉੱਘੇ ਵਪਾਰੀਆਂ ਨੂੰ ਵੰਗਾਰਿਆ। ਸਭ ਨੇ ਖੁਲ ਕੇ ਮਦਦ ਕੀਤੀ। ਆਰਥਿਕ ਲੋੜਾਂ ਦੀ ਪੂਰਤੀ ਹੁੰਦਿਆਂ ਹੀ ਉਨ੍ਹਾਂ ਨੇ ਪੰਜਾਬ 'ਤੇ ਹਮਲਾ ਕਰ ਦਿੱਤਾ ਤੇ ਜਿੱਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਨਵੰਬਰ 11, 1709 ਈ: ਨੂੰ ਸਮਾਣਾ 'ਤੇ ਫਤਹਿ ਪ੍ਰਾਪਤ ਕੀਤੀ। ਇਸ ਤੋਂ ਬਾਅਦ ਸੋਨੀਪਤ, ਕੈਂਥਲ, ਸਮਾਣਾ, ਘੜਾਮ, ਠਸਕਾ, ਸ਼ਾਹਬਾਦ, ਕਪੂਰੀ ਤੇ ਸਢੋਰਾ 'ਤੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਦੇ ਆਉਣ ਦਾ ਸੁਣ ਕੇ ਮਾਝੇ ਤੇ ਦੁਆਬੇ ਦੇ ਸਿੱਖਾਂ ਨੇ ਹਕੂਮਤ ਵਿਰੁੱਧ ਬਗਾਵਤ ਕਰ ਦਿੱਤੀ, ਕਿਉਂਕਿ ਸਿੱਖਾਂ ਦੇ ਹੌਸਲੇ ਬਹੁਤ ਬੁਲੰਦ ਹੋ ਚੁੱਕੇ ਸਨ। ਉਹ ਰੋਪੜ ਨੂੰ ਜਿੱਤ ਕੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਆ ਮਿਲੇ। ਹੁਣ ਸਿੱਖ ਆਪਣੇ ਮੁੱਖ ਨਿਸ਼ਾਨੇ ਸਰਹੰਦ 'ਤੇ ਜ਼ੋਰਦਾਰ ਹੱਲਾ ਬੋਲਣ ਲਈ ਕਚੀਚੀਆਂ ਲੈਣ ਲੱਗੇ। ਆਖਰ ਉਹ ਘੜੀ ਆ ਗਈ ਜਿਸਦਾ ਉਹ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ। ਸੂਬੇਦਾਰ ਵਜ਼ੀਰ ਖਾਂ ਨੂੰ ਸਬਕ ਸਿਖਾਉਣ ਲਈ ਸਿੱਖਾਂ ਨੇ ਚੱਪੜ-ਚਿੱੜੀ ਦਾ ਮੈਦਾਨ ਆ ਮੱਲਿਆ (ਚੱਪੜ-ਚਿੱੜੀ, ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਖਰੜ-ਲਾਂਡਰਾ ਸੜਕ 'ਤੇ ਸਥਿਤ ਹੈ) ਸੂਬੇਦਾਰ ਵਜ਼ੀਰ ਖਾਂ ਦੀਆਂ ਫੌਜਾਂ ਸਿੱਖਾਂ ਦੇ ਤੂਫਾਨ ਨੂੰ ਰੋਕਣ ਲਈ ਅੱਗੇ ਵਧੀਆਂ। ਸਿੰਘਾਂ ਨੇ ਸਰਹੰਦ 'ਤੇ ਹਮਲੇ ਲਈ ਪਹਿਲਾਂ ਹੀ ਜ਼ੋਰਦਾਰ ਤਿਆਰੀਆਂ ਕੀਤੀਆਂ ਹੋਈਆਂ ਸਨ। 12 ਮਈ, 1710 ਈ: ਨੂੰ ਚੱਪੜ ਚਿੱੜੀ ਦੇ ਮੈਦਾਨ ਵਿਚ ਜ਼ੋਰਦਾਰ ਖੂਨ-ਡੋਲ੍ਹਵਾਂ ਮੁਕਾ-ਬਲਾ ਹੋਇਆ। ਇਸ ਭਿਆਨਕ ਲੜਾਈ ਵਿਚ ਵਜ਼ੀਰ ਖਾਂ ਮਾਰਿਆ ਗਿਆ। ਇਸ ਤਰ੍ਹਾਂ ਬੰਦਾ ਬਹਾਦਰ ਨੇ 'ਮਾਰ ਵਜ਼ਿਦ ਖਾਂ ਨੂੰ, ਧਰਤੋਂ ਭਾਰੀ ਪੰਡ ਉਤਾਰੀ' (ਹਰਸਾ ਸਿੰਘ ਚਾਤਰ) ਇਸ ਤਰਾਂ ਵਜ਼ੀਰ ਖਾਂ ਦੇ ਮਰਨ ਨਾਲ ਬਾਕੀ ਮੁਸਲਮਾਨ ਫੌਜਾਂ ਮੈਦਾਨ ਛੱਡ ਕੇ ਦੌੜ ਗਈਆਂ। ਦੋ ਦਿਨਾਂ ਬਾਅਦ ਸਿੱਖ ਫੌਜਾਂ 14 ਮਈ, 1710 ਈ: ਨੂੰ ਸਰਹੰਦ ਵਿਚ ਦਾਖਲ ਹੋਈਆਂ। ਬੰਦਾ ਬਹਾਦਰ ਨੇ ਸਿਤਮਾਂ ਦੀ ਨਗਰੀ ਸਰਹਿੰਦ ਨੂੰ ਇੱਟਾਂ ਦੇ ਢੇਰ ਵਿੱਚ ਬਦਲ ਦਿੱਤਾ। ਵਸਦਾ-ਰਸਦਾ ਸਰਹਿੰਦ ਸ਼ਹਿਰ ਖੰਡਰ ਵਿਚ ਤਬਦੀਲ ਹੋ ਗਿਆ। ਸ਼ਾਹੀ ਅਮੀਰਾਂ ਨੂੰ ਲੁੱਟਿਆ ਗਿਆ ਤੇ ਦੋਸ਼ੀਆਂ ਨੂੰ ਚੁਣ-ਚੁਣ ਕੇ ਮਾ-ਰਆ ਗਿਆ। ਵਜ਼ੀਰ ਖਾਂ ਦੇ ਮਹੱਲਾਂ ਵਿਚੋਂ ਬਹੁਤ ਸਾਰਾ ਧਨ ਬਾਬਾ ਬੰਦਾ ਸਿੰਘ ਬਹਾਦਰ ਦੇ ਹੱਥ ਲੱਗਾ। ਸਰਹੰਦ ਦੀ ਜਿੱਤ ਨੇ ਅਹਿਮਦ ਸ਼ਾਹ ਅਬਦਾਲੀ ਦੇ ਇਸ ਕਥਨ ਨੂੰ ਕਿ 'ਸਿੱਖਾਂ ਚੋਂ ਹਕੂਮਤ ਦੀ ਬੋ ਆਉਂਦੀ ਹੈ' ਨੂੰ ਸਹੀ ਸਿੱਧ ਕਰ ਦਿਖਾਇਆ।



ਸਰਹੰਦ 'ਤੇ ਮੁਕੰਮਲ ਕਬਜ਼ਾ ਕਰਨ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਮਲੇਰ ਕੋਟਲੇ ਵੱਲ ਵੱਧਿਆ। ਪ੍ਰੰਤੂ ਸਾਹਿਬਜ਼ਾਦਿਆਂ ਵੱਲੋਂ ਇਥੋਂ ਦੇ ਨਵਾਬ ਵੱਲੋਂ ਹਾਅ ਦਾ ਨਾਅਰਾ ਮਾਰਨ ਲਈ, ਇਸ ਸ਼ਹਿਰ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਗਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹੰਦ ਦੀ ਬਜਾਏ ਮੁਖਲਿਸਗੜ੍ਹ ਨੂੰ ਆਪਣੀ ਰਾਜਧਾਨੀ ਥਾਪਿਆ ਤੇ ਆਪਣੀਆਂ ਅਗਲੀਆਂ ਮੁੰਹਿਮਾਂ ਦਾ ਅਧਾਰ ਕੇਂਦਰ ਬਣਾਇਆ। ਮੁਖਲਿਸਗੜ੍ਹ ਦਾ ਕਿਲ੍ਹਾ ਸ਼ਾਹਜਹਾਨ ਦੀ ਆਗਿਆ ਅਨੁਸਾਰ ਮੁਖਲਿਸ ਖਾਨ ਨੇ ਬਣਵਾਇਆ ਸੀ। ਜਿਸ ਸਮੇਂ ਬੰਦਾ ਬਹਾਦਰ ਨੇ ਇਸ ਕਿਲ੍ਹੇ ਉਤੇ ਕਬਜਾ ਕੀਤਾ ਤਾਂ ਇਹ ਬੜੀ ਟੁੱਟੀ ਭੱਜੀ ਹਾਲਤ ਵਿਚ ਸੀ, ਛੇਤੀ ਹੀ ਇਸਦੀ ਮੁਰੰਮਤ ਕੀਤੀ ਤੇ ਇਸਦਾ ਨਾ ਲੋਹਗੜ੍ਹ ਰੱਖਿਆ ਗਿਆ। ਸਰਹੰਦ ਦਾ ਖਜ਼ਾਨਾ, ਸਾਰੀਆਂ ਮੁੰਹਿਮਾਂ ਵਿਚ ਪ੍ਰਾਪਤ ਹੋਇਆ। ਮਾਲ ਅਸਬਾਬ ਤੇ ਜੰਗੀ ਸਮਾਨ 'ਤੇ ਕਬਜ਼ੇ ਹੇਠ ਆਏ ਇਲਾਕਿਆਂ ਤੋਂ ਉਗਰਾਹਿਆ ਹੋਇਆ ਮਾਮਲਾ ਸਭ ਇਥੇ ਇਕੱਠੇ ਕੀਤੇ ਗਏ। ਅਸਲੀ ਅਰਥਾਂ ਵਿਚ ਲੋਹਗੜ੍ਹ ਸਿੰਘਾਂ ਦੇ ਨਵੇਂ ਬਣ ਰਹੇ ਰਾਜ ਦੀ ਰਾਜਧਾਨੀ ਬਣ ਗਿਆ। ਫੌਜੀ ਨਜਰੀਏ ਤੋਂ ਇਸ ਜਗ੍ਹਾ ਦੀ ਚੋਣ ਕਾਫੀ ਬੁਧੀਮਾਨੀ ਵਾਲੀ ਸੀ, ਕਿਉਂਕਿ ਸੁਰੱਖਿਆ ਪੱਖੋਂ ਇਹ ਮੁੱਖ ਮਾਰਗ ਤੋਂ ਹਟ ਕੇ ਨੀਮ ਪਹਾੜੀ ਇਲਾਕੇ ਨਾਲ ਲਗਣ ਕਰਕੇ ਕਾਫੀ ਸੁਰੱਖਿਅਤ ਸੀ। ਬਾਬਾ ਬੰਦਾ ਸਿੰਘ ਬਹਾਦਰ ਹੁਣ ਇਕ ਛੋਟਾ ਜਿਹਾ ਬੇਤਾਜ਼ ਬਾਦਸ਼ਾਹ ਬਣ ਗਿਆ ਸੀ। ਉਸ ਦੇ ਕੋਲ ਸ਼ਰਧਾਲੂ ਸਿੰਘਾਂ ਦੀ ਫੌਜ ਭੀ ਹੋ ਗਈ ਸੀ। ਰਾਜ ਕਾਜ ਲਈ ਰਾਜਧਾਨੀ ਵੀ ਤੇ ਰਹਿਣ ਲਈ ਮਹਿਲ ਭੀ।

ਉਸ ਨੇ ਰਾਜ ਦੀ ਸਦੀਵੀ ਪੱਕੀ ਨਿਸ਼ਾਨੀ ਲਈ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਨਾਂ ਦਾ ਸਿੱਕਾ ਭੀ ਜਾਰੀ ਕਰ ਦਿੱਤਾ, ਜਿਸ 'ਤੇ ਫਾਰਸੀ ਦੇ ਹੇਠ ਲਿਖੇ ਸ਼ਬਦ ਉਕਰੇ ਹੋਏ ਸਨ:-

'ਸਿੱਕਾ ਜਦ ਬਰ ਹਰ ਦੋ ਆਲਮ
ਤੇਗਿ ਨਾਨਕ ਵਾਹਿਬ ਅਸਤ'
'ਫਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ
ਫ਼ਜਲਿ ਸੱਚਾ ਸਾਹਿਬ ਅਸਤ'

ਜਿਸਦਾ ਅਰਥ ਹੈ:-
ਸਿੱਕਾ ਮਾਰਿਆ ਦੋ ਜਹਾਨ ਉੱਤੇ,
ਬਖਸ਼ਾਂ ਬਖਸ਼ੀਆਂ ਨਾਨਕ ਦੀ ਤੇਗ ਨੇ ਜੀ।
ਫਤਹਿ ਸ਼ਾਹਿ ਸ਼ਾਹਾਨ ਗੋਬਿੰਦ ਸਿੰਘ ਦੀ,
ਮਿਹਰਾਂ ਕੀਤੀਆਂ ਸੱਚੇ ਰੱਬ ਏਕ ਨੇ ਜੀ।

ਬਾਦਸ਼ਾਹੀ ਸਿੱਕਿਆਂ ਦੀ ਤਰ੍ਹਾਂ ਇਸ ਦੇ ਪਿਛਲੇ ਪਾਸੇ ਰਾਜਧਾਨੀ ਦੀ ਉਸਤਿਤ ਦੇ ਇਹ ਸ਼ਬਦ ਸਨ:-
ਜਰਬ ਬ-ਅਮਾਨੁ-ਦਹਿਰ,
ਮੁੱਸਵਰਤ ਸ਼ਹਿਰ, ਜੀਨਤੁ-ਤਖਤੁ,
ਮੁਬਾਰਕ ਬਖਤ।

ਅਰਥਤਾਰ ਜਾਰੀ ਹੋਇਆ ਸੰਸਾਰ ਦੇ ਸ਼ਾਂਤੀ ਅਸਥਾਨ, ਸ਼ਹਿਰਾਂ ਦੀ ਮੂਰਤਿ, ਧੰਨਭਾਗੀ ਰਾਜਧਾਨੀ ਤੋਂ। ਬਾਬਾ ਬੰਦਾ ਸਿੰਘ ਬਹਾਦਰ ਨੇ ਸ੍ਰਦਾਰੀ ਦਸਤਾਵੇਜ, ਸਨਦਾ, ਪ੍ਰਵਾਨਿਆਂ ਆਦਿ ਲਈ ਮੋਹਰ ਬਨਵਾਈ, ਜਿਥੇ ਕਿਥੇ ਮੋਹਰ ਲੱਗੀ, ਮੋਹਰ ਦੇ ਸ਼ਬਦ ਇਹ ਸਨ:-
ਦੇਗੋ ਤੇਗੋ ਫ਼ਤਹਿ ਓ ਨੁਸਰਤਿ ਬੇ-ਦਿਰੰਗ
ਯਾਫਤ ਅਜ ਨਾਨਕ ਗੁਰੂ ਗੋਬਿੰਦ ਸਿੰਘ
ਅਰਥਾਤ ਦੇਗ ਤੇਗ ਜਿਤ ਸੇਵ ਨਿਰਾਲਮ, ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ।
(ਦੇਖੋ ਪੁਸਤਕ 'ਬੰਦਾ ਸਿੰਘ ਬਹਾਦਰ' ਰਚਨਾ ਡਾ. ਗੰਡਾ ਸਿੰਘ, ਪੰਨਾ 59-60)

ਉਹ ਰਾਜ ਦੀ ਪ੍ਰਾਪਤੀ ਵਾਹਿਗੁਰੂ ਦੀ ਮਿਹਰ ਨਾਲ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੀ ਬਖਸ਼ਿਸ ਮੰਨਦਾ ਹੈ ਤੇ ਆਪ ਦੇਗ ਤੇ ਤੇਗ ਰਾਹੀਂ ਕੇਵਲ ਸੇਵਾਦਾਰ ਹੈ। ਉਸ ਲਈ ਬਖਸ਼ਸ਼ ਗੁਰੂ ਨਾਨਕ ਦੀ ਹੈ। ਫਤਹਿ ਗੁਰੂ ਗੋਬਿੰਦ ਦੀ ਤੇ ਪਾਤਸ਼ਾਹੀ ਅਕਾਲ ਪੁਰਖ ਦੀ ਹੈ।

ਜਿੱਤਾਂ ਦਾ ਸਿਲਸਿਲਾ ਜਾਰੀ ਰੱਖਦਿਆਂ ਬੰਦਾ ਬਹਾਦਰ ਨੇ ਜੁਲਾਈ 1710 ਵਿਚ ਗੰਗਾ ਤੇ ਜਮਨਾ ਦੇ ਮੈਦਾਨੀ ਇਲਾਕਿਆਂ 'ਤੇ ਕਬਜਾ ਕਰ ਲਿਆ। ਮਾਝੇ ਤੇ ਦੁਆਬੇ ਦੇ ਸਿੱਖ ਉਠ ਖੜੇ ਹੋਏ। ਅਕਤੂਬਰ 1710 ਤੱਕ ਕਿਲ੍ਹਾ ਭਗਵੰਤ ਰਾਏ ਤੇ ਭੀਲੋਵਾਲ ਭੀ ਸਿੱਖ ਫੌਜਾਂ ਦੇ ਕਬਜ਼ੇ ਵਿਚ ਆ ਗਏ। ਸਿੱਖਾਂ ਦੀ ਚੜ੍ਹਤ ਨੇ ਹਿੰ-ਦੋਸਤਾਨ ਦੇ ਬਾਦਸ਼ਾਹ ਬਹਾਦਰ ਸ਼ਾਹ ਨੂੰ ਭੈ ਭੀਤ ਕਰ ਦਿੱਤਾ। ਉਸ ਨੇ ਸਿੱਖਾਂ ਕੋਲੋਂ ਜਿਤਿਆ ਹੋਇਆ ਇਲਾਕਾ ਲੈਣ ਲਈ ਆਪ ਪੰਜਾਬ ਵਲ ਕੂਚ ਕੀਤਾ। ਹਾਲਾਤ ਅਨੁਸਾਰ ਸਿੱਖਾਂ ਨੂੰ ਪਿਛੇ ਹਟਣਾ ਪਿਆ ਤੇ ਉਹ ਪਹਾੜਾਂ ਵੱਲ ਨਿਕਲ ਗਿਆ। ਇਸੇ ਦੌਰਾਨ ਪੰਥ ਦੋਖੀ ਪਹਾੜੀ ਰਾਜੇ ਭੀਮ ਚੰਦ ਨੂੰ ਜਾ ਸੋਧਿਆ। 18 ਫਰਵਰੀ 1712 ਨੂੰ ਬਹਾਦਰ ਸ਼ਾਹ ਦੀ ਮੌਤ ਹੋ ਗਈ। ਦਿੱਲੀ ਦਾ ਬਾਦਸ਼ਾਹ ਫਰੁਖਸੀਅਰ ਇਕ ਕਮਜ਼ੋਰ ਬਾਦਸ਼ਾਹ ਸੀ, ਇਸ ਮੌਕੇ ਤੇ ਲਾਭ ਉਠਾਇਆ ਬੰਦਾ ਸਿੰਘ ਨੇ ਮੁੜ ਆਪਣੀ ਤਾਕਤ ਨੂੰ ਸੰਗਠਿਤ ਕੀਤਾ ਤੇ ਕਈ ਇਲਾਕਿਆਂ 'ਤੇ ਕਬਜ਼ਾ ਕਰ ਲਿਆ। 1712 ਈ: ਨੂੰ ਸਰਹਿੰਦ ਤੇ ਲੋਹਗੜ੍ਹ ਫਿਰ ਜਿੱਤ ਲਏ। ਬਟਾਲਾ ਤੇ ਕਲਾਨੌਰ ਨੂੰ ਜਿੱਤ ਕੇ ਸਮਸ਼ ਖਾਨ ਨੂੰ ਮਾਰ ਮੁਕਾਇਆ ਅੰਤ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿਚ ਬੰਦਾ ਸਿੰਘ ਤੇ ਕਈ ਹੋਰ ਸਿੰਘ ਮੁਗਲ ਫੌਜ ਦੇ ਘੇਰੇ ਵਿਚ ਆ ਗਏ। ਇਹ ਘੇਰਾ ਲੰਬਾ ਸਮਾਂ ਭਾਵ ਅੱਠ ਮਹੀਨੇ ਜਾਰੀ ਰਿਹਾ। ਘੇਰਾ ਲੰਬਾ ਹੋਣ ਕਾਰਣ ਰਾਸ਼ਨ ਦੀ ਕਮੀ ਹੋਣ ਲਗੀ। ਸਿਪਾਹੀ ਭੁੱਖ ਤੇ ਪਿਆਸ ਨਾਲ ਮਰਨ ਲੱਗੇ। ਉਂਝ ਤਾਂ ਸਾਰਾ ਇਤਿਹਾਸ ਹੀ ਸ਼ਹੀਦੀਆਂ ਨਾਲ ਭਰਿਆ ਪਿਆ ਹੈ ਪਰ ਬੰਦੇ ਦੀ ਸ਼ਹੀਦੀ ਸਿੱਖ ਇਤਿਹਾਸ ਵਿਚ ਹੀ ਨਹੀਂ ਸਗੋਂ ਸੰਸਾਰ ਦੇ ਸਮੁੱਚੇ ਇਤਿਹਾਸ ਵਿਚ ਹੀ ਲੂੰ-ਕੰਡੇ ਖੜੇ ਕਰਨ ਵਾਲੀ ਸ਼ਹੀਦੀ ਹੈ। ਬੰਦਾ ਬਹਾਦਰ ਨੂੰ 800 ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਫਿਰ ਪਿੰਜਰੇ ਵਿਚ ਬੰਦ ਕਰਕੇ ਦਿੱਲੀ ਲਿਜਾਇਆ ਗਿਆ 15 ਮਾਰਚ 1716 ਨੂੰ ਸਿੱਖ ਕੈਦੀਆ ਦਾ ਕਤਲੇਆਮ ਸ਼ੁਰੂ ਹੋਇਆ ਤਕਰੀਬਨ 100 ਸਿੱਖ ਨੂੰ ਰੋਜ ਕਤਲ ਕੀਤਾ ਜਾਂਦਾ, ਸਿੱਖ ਅਜਿਤ ਭਾਵਨਾ ਨਾਲ ਮੌਤ ਨੂੰ ਜੀ ਆਇਆ ਕਹਿੰਦੇ, ਖਿੜੇ ਚਿਹਰੇ ਨਾਲ ਜਲਾਦ ਨੂੰ ਸੀਸ ਭੇਂਟ ਕਰਦੇ। ਤਕਰੀਬਨ ਤਿੰਨ ਮਹੀਨੇ ਬਾਅਦ 9 ਜੂਨ 1716 ਈ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੂੰ ਤੇ ਉਨ੍ਹਾਂ ਦੇ ਸਾਥੀਆਂ ਨੂੰ ਕਿਲੇ ਤੋਂ ਬਾਹਰ ਲਿਆਂਦਾ ਗਿਆ ਤੇ ਜਲੂਸ ਦੀ ਸ਼ਕਲ ਵਿਚ ਕੁਤਬ ਮੀਨਾਰ ਦੇ ਨੇੜੇ ਖਵਾਜਾ ਕੁਤਬਦੀਨ ਬਖਤਿਆਰ ਕਾਕੀ ਦੇ ਰੋਜੇ ਪਾਸ ਪਹੁੰਚਾਇਆ ਗਿਆ। ਬਹੁਤ ਸਾਰੇ ਚਸ਼ਮਦੀਦ ਗਵਾਹਾਂ ਅਨੁਸਾਰ ਬੰਦੇ ਦੀ ਸ਼ਹਾਦਤ ਇਸ ਤਰ੍ਹਾਂ ਹੋਈ: ਬੰਦਾ ਸਿੰਘ ਬਹਾਦਰ ਨੂੰ ਸ਼ਹੀਦੀ ਜ਼ਾਮ ਪਿਲਾਉਣ ਤੋਂ ਪਹਿਲਾਂ ਉਸਦੇ ਪੁੱਤਰ ਅਜੈ ਸਿੰਘ ਨੂੰ ਕਤਲ ਕਰਕੇ ਉਸ ਦਾ ਧੜਕਦਾ ਦਿਲ ਉਸ ਦੇ ਮੂੰਹ ਵਿਚ ਤੁੰਨਿਆ ਗਿਆ। ਫਿਰ ਜਲਾਦ ਨੇ ਉਨ੍ਹਾਂ ਦੀਆਂ ਅੱਖਾਂ ਕੱਢੀਆਂ, ਹੱਥ ਪੈਰ ਕੱਟੇ ਗਏ, ਲਾਲ ਭਖਦੇ ਜੰਬੂਰਾਂ ਨਾਲ ਸ਼ਰੀਰ ਤੋਂ ਮਾਸ ਨੋਚਿਆ ਗਿਆ ਅਤੇ ਅੰਤ ਵਿੱਚ ਸਿਰ ਤੇ ਧੜ ਨੂੰ ਅਲੱਗ ਕਰਕੇ ਟੁਕੜੇ-ਟੁਕੜੇ ਕਰ ਦਿੱਤੇ ਗਏ। ਜਿਥੇ ਉਹ ਸਿੱਖਾਂ ਦਾ ਮਹਾਨ ਹੁਕਮਰਾਨ ਸੀ ਉਥੇ ਉਹ ਸਿੱਖਾਂ ਦਾ 'ਸ਼੍ਰੋਮਣੀ ਸ਼ਹੀਦ' ਵੀ ਹੋ ਨਿਬੜਿਆ।

ਬਾਬਾ ਬੰਦਾ ਸਿੰਘ ਬਹਾਦਰ ਦੀ ਪੰਜਾਬ ਤੇ ਖਾਸ ਕਰ ਸਿੱਖਾਂ ਨੂੰ ਬਹੁਤ ਵੱਡੀ ਦੇਣ ਹੈ। ਉਸਦਾ ਪਹਿਲਾ ਕੰਮ ਸਿਰਲੱਥ ਖਾਲਸਾ ਨੂੰ ਸੰਗਠਿਤ ਕਰਕੇ ਅਜ਼ਾਦ ਲੋਕ ਰਾਜ ਦੀ ਸਥਾਪਨਾ ਕੀਤੀ। ਫੌਜੀ ਜਰਨੈਲ ਦੇ ਤੌਰ 'ਤੇ ਬੰਦਾ ਬਹਾਦਰ ਦਾ ਕੋਈ ਵੀ ਟਾਕਰਾ ਨਹੀਂ ਸੀ। ਇਹ ਪਹਿਲੀ ਵਾਰ ਸੀ ਕਿ ਬੰਦਾ ਬਹਾਦਰ ਦੀ ਰਹਿਨੁਮਾਈ ਹੇਠ ਪੰਜਾਬ ਦੇ ਦਬੇ ਕੁਚਲੇ ਲੋਕਾਂ ਨੇ ਅਜ਼ਾਦੀ ਦਾ ਅਨੰਦ ਮਾਣਿਆ। ਉਸਨੇ ਹਮੇਸ਼ਾ ਲਈ ਸਿੱਖ ਕੌਮ ਅੰਦਰ ਅਜ਼ਾਦੀ ਦੀ ਚਿਣਗ ਲਾ ਦਿੱਤੀ ਜੋ ਕਿ ਪਿੱਛੋਂ ਜਾ ਕੇ ਰਾਜਾਂ ਦੀ ਪ੍ਰਾਪਤੀ ਲਈ ਸੰਘਰਸ਼ ਦਾ ਕਾਰਣ ਬਣੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4


| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editor | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਮੇਰੀ ਪਾਕਿਸਤਾਨ ਫੇਰੀ-11
ਡਾ. ਸੁਖਦੇਵ ਸਿੰਘ ਝੰਡ
ਫੋਨ:+1 97798-80184


# ਗੁਰਦੁਆਰਾ ਪੰਜਾ ਸਾਹਿਬ ਦੇ ਦਰਸ਼ਨ ਤੇ ਸਿਵਲ ਅਫ਼ਸਰ ਸੰਨਾ ਰਾਮ ਚੰਦਰ ਨਾਲ ਮੁਲਾਕਾਤ














ਲਹਿੰਦੇ ਪੰਜਾਬ ਵਿੱਚ ਵਿਚਰਦਿਆਂ ਗਿਆਰ੍ਹਵੇਂ ਦਿਨ ਅਸੀਂ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੇ ਦਰਸ਼ਨ ਕਰਨ ਦਾ ਪ੍ਰੋਗਰਾਮ ਬਣਾਇਆ। ਇਹ ਪਾਵਨ ਗੁਰਦੁਆਰਾ ਸਾਹਿਬ ਲਹਿੰਦੇ ਪੰਜਾਬ ਦੇ ਸ਼ਹਿਰ ਹਸਨ ਅਬਦਾਲ 'ਚ ਸਥਿਤ ਹੈ ਅਤੇ ਪ੍ਰਚੱਲਤ ਇਤਿਹਾਸ ਅਨੁਸਾਰ ਇੱਥੇ ਭਾਈ ਮਰਦਾਨਾ ਜੀ ਨੂੰ ਲੱਗੀ ਹੋਈ ਸਖ਼ਤ ਪਿਆਸ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਉਚੀ ਪਹਾੜੀ 'ਤੇ ਸਥਿਤ ਵਲੀ ਕੰਧਾਰੀ ਦੇ ਚਸ਼ਮੇਂ ਦਾ ਪਾਣੀ ਆਪਣੇ ਕੋਲ ਪਏ ਇਕ ਛੋਟੇ ਜਿਹੇ ਨੂੰ ਹਟਾ ਕੇ ਮਿਟਾਈ ਸੀ ਅਤੇ ਉਸ ਦੇ ਵੱਲੋਂ ਉੱਚੀ ਪਹਾੜੀ ਤੋਂ ਰੇੜ੍ਹਿਆ ਗਿਆ ਵੱਡਾ ਸਾਰਾ ਪੱਥਰ ਆਪਣੇ ਹੱਥ ਨਾਲ ਰੋਕਿਆ ਸੀ। ਬਚਪਨ ਵਿਚ ਇਹ ਸਾਖੀ ਆਪਣੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬਾਂ 'ਤੇ ਸਜਾਏ ਗਏ ਦੀਵਾਨਾਂ ਵਿੱਚ ਕਈ ਵਾਰ ਸੁਣੀ ਸੀ ਅਤੇ ਉਸ ਸਮੇਂ ਬਾਲ-ਮਨ 'ਤੇ ਉੱਕਰੇ ਹੋਏ ਉਸ 'ਸੀਨ' ਨੂੰ ਅੱਖੀਂ ਵੇਖਣ ਲਈ ਡਾਹਡਾ ਮਨ ਕਰਦਾ ਸੀ।

ਹਸਨ ਅਬਦਾਲ ਲਾਹੌਰ ਤੋਂ ਲੱਗਭੱਗ 400 ਕਿਲੋਮੀਟਰ ਦੀ ਦੂਰੀ 'ਤੇ ਹੈ ਅਤੇ ਲਾਹੌਰ-ਇਸਲਾਮਾਬਾਦ ਮੋਟਰਵੇਅ 'ਐੱਮ-2' 'ਤੇ ਕਾਰ ਰਾਹੀਂ ਉੱਥੇ ਪਹੁੰਚਣ ਲਈ ਪੰਜ-ਛੇ ਘੰਟੇ ਲੱਗ ਜਾਂਦੇ ਹਨ। ਇਸ ਲਈ ਇੱਕ ਦਿਨ ਵਿੱਚ ਮੋੜਵਾਂ ਪੈਂਡਾ ਕਰਕੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਕੇ ਉੱਥੋਂ ਵਾਪਸ ਮੁੜਨਾ ਮੁਸ਼ਕਲ ਹੋ ਜਾਂਦਾ ਹੈ। ਇਸ ਲਈ ਅਸੀਂ ਇਹ ਪ੍ਰੋਗਰਾਮ ਦੋ-ਦਿਨ ਦਾ ਬਣਾ ਲਿਆ। ਸੋਚਿਆ, ਰਾਤ ਉੱਥੇ ਗੁਰਦੁਆਰਾ ਸਾਹਿਬ ਵਿਖੇ ਠਹਿਰਾਂਗੇ ਅਤੇ ਅਗਲੇ ਦਿਨ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਅਤੇ ਇਸ ਦੇ ਨਾਲ ਜੁੜਵਾਂ ਪੁਰਾਣਾ ਸ਼ਹਿਰ ਰਾਵਲਪਿੰਡੀ ਵੀ ਵੇਖਾਂਗੇ। ਇਸ ਦੇ ਨਾਲ ਹੀ ਉੱਥੋਂ 40 ਕੁ ਕਿਲੋਮੀਟਰ ਦੂਰ ਪੈਂਦਾ ਸ਼ਹਿਰ 'ਤਕਸ਼ਿਲਾ' ਅਤੇ ਉੱਥੇ ਲੱਗਭੱਗ ਤਿੰਨ ਹਜ਼ਾਰ ਸਾਲ ਪੁਰਾਣੀ ਯੂਨੀਵਰਸਿਟੀ ਦੇ ਖੰਡਰ ਵੀ ਵੇਖ ਕੇ ਆਵਾਂਗੇ।

ਪਹਿਲਾਂ ਉਲੀਕੇ ਗਏ ਪ੍ਰੋਗਰਾਮ ਅਨੁਸਾਰ ਸਾਡਾ ਇਹ ਟੂਰ 12 ਦਿਨ ਦਾ ਸੀ ਅਤੇ ਉਸ ਦੇ ਅਨੁਸਾਰ 27 ਫ਼ਰਵਰੀ ਨੂੰ ਅਸੀਂ ਵਾਪਸ ਭਾਰਤ ਮੁੜ ਆਉਣਾ ਸੀ। ਪਰ 25 ਫ਼ਰਵਰੀ ਤੱਕ ਕਈ ਮਹੱਤਵਪੂਰਨ ਥਾਵਾਂ ਅਜੇ ਸਾਡੀਆਂ ਵੇਖਣੀਆਂ ਬਾਕੀ ਰਹਿੰਦੀਆਂ ਸਨ। ਇਸ ਲਈ ਅਸੀਂ ਆਪਣਾ ਇਹ ਟੂਰ ਦੋ ਦਿਨ ਲਈ ਹੋਰ ਵਧਾ ਲਿਆ। ਦਰਅਸਲ, ਪਾਕਿਸਤਾਨ ਸਰਕਾਰ ਵੱਲੋਂ ਮਿਲੇ ਹੋਏ ਵੀਜ਼ੇ ਅਨੁਸਾਰ ਅਸੀਂ ਇੱਕ ਮਹੀਨਾ ਇੱਥੇ ਠਹਿਰ ਸਕਦੇ ਸੀ। ਇਸ ਲਈ ਆਪਣੇ ਪ੍ਰੋਗਰਾਮ ਵਿੱਚ ਇਹ ਤਬਦੀਲੀ ਕਰਨ ਵਿਚ ਸਾਨੂੰ ਕੋਈ ਦਿੱਕਤ ਨਹੀਂ ਸੀ। ਨਿਰਧਾਰਿਤ ਪ੍ਰੋਗਰਾਮ ਅਨੁਸਾਰ ਹੋਟਲ ਵਿੱਚੋਂ ਨਾਸ਼ਤਾ ਕਰਕੇ ਅਸੀਂ ਦਸ ਵਜੇ ਆਪਣੀ ਗੱਡੀ ਮੋਟਰਵੇਅ ਐੱਮ-2 'ਤੇ ਪਾ ਲਈ। ਇਹ ਸੜਕੀ ਰਸਤਾ ਬੜੇ ਮਨਮੋਹਕ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਸੀ। ਦੋ ਕੁ ਘੰਟੇ ਦਾ ਪੈਂਡਾ ਤੈਅ ਕਰਕੇ ਰਸਤੇ ਵਿੱਚ ਬਣੇ ਖੁੱਲ੍ਹੇ-ਡੁੱਲ੍ਹੇ ਪੜਾਅ 'ਤੇ ਇਕ ਖ਼ੂਬਸੂਰਤ ਰੈਸਟੋਰੈਂਟ ਵਿਚ ਬੈਠ ਕੇ ਚਾਹ ਤੇ ਪਕੌੜੇ ਛਕੇ। ਇੱਥੇ 'ਮੈਕਡੋਨਲਡ', 'ਸਬਵੇਅ', 'ਕੇ.ਸੀ.ਐੱਫ਼.' ਵਰਗੇ ਵਿਦੇਸ਼ੀ ਚੇਨਾਂ ਵਾਲੇ ਰੈਸਟੋਰੈਂਟਾਂ ਦੀਆਂ ਉਨ੍ਹਾਂ ਹੀ ਡੀਜ਼ਾਈਨਾਂ ਵਿੱਚ ਬਣੀਆਂ ਖ਼ੂਬਸੂਰਤ ਇਮਾਰਤਾਂ ਮੌਜੂਦ ਸਨ। ਆਧੁਨਿਕ ਸਹੂਲਤਾਂ ਨਾਲ ਲੈਸ 'ਗੈਸ ਸਟੇਸ਼ਨ' (ਪੈਟਰੋਲ ਪੰਪ), ਸਾਇਬਰ ਕੈਫੇ ਅਤੇ ਹੋਰ ਕਈ ਕੁਝ ਸ਼ਾਮਲ ਸੀ। ਭਾਰਤ ਦੇ ਵੱਡੇ ਸ਼ਹਿਰਾਂ ਵਿਚ ਵੀ ਹੁਣ ਇਹ ਸੱਭ ਉਪਲੱਭਧ ਹੈ। ਇਸ ਲਈ ਇਹ ਵੇਖ ਕੇ ਕੋਈ ਬਹੁਤੀ ਹੈਰਾਨੀ ਤਾਂ ਨਾ ਹੋਈ। ਪਰ ਪਿਛਲੇ ਦਿਨੀਂ ਦੋ-ਤਿੰਨਾਂ ਪਿੰਡਾਂ ਵਿਚ ਜਾ ਕੇ ਅੱਖੀਂ ਵੇਖੀ ਗ਼ਰੀਬੀ ਦੇ ਨਾਲ ਇਸ ਦਾ ਮੁਕਾਬਲਾ ਕਰਦਿਆਂ ਸਾਨੂੰ ਥੋੜ੍ਹਾ ਜਿਹਾ ਅਜੀਬ ਵੀ ਲੱਗ ਰਿਹਾ ਸੀ।

ਰੈਸਟੋਰੈਂਟ ਤੋਂ ਚਾਹ-ਪਾਣੀ ਤੇ ਪਕੌੜੇ ਛਕ ਕੇ ਆਪਣੀ ਅਗਲੀ ਮੰਜ਼ਲ ਵੱਲ ਚੱਲ ਪਏ। ਰਸਤੇ ਵਿੱਚ ਜਿਹਲਮ ਤੇ ਝਨਾਂ ਦਰਿਆਵਾਂ ਦੇ ਵੀ ਦਰਸ਼ਨ ਹੋਏ। ਜਿਹਲਮ ਦਰਿਆ ਵਿੱਚੋਂ ਦੋ ਵੱਡੀਆਂ ਜੋੜੀਆਂ ਨਹਿਰਾਂ 'ਕਾਦੀਰਾਬਾਦ ਬੱਲੋਕੀ ਲਿੰਕ ਕੈਨਾਲ' ਅਤੇ 'ਅੱਪਰ ਗੋਗੇਰਾ ਬਰਾਂਚ ਕੈਨਾਲ' ਕੱਢ ਕੇ ਇਨ੍ਹਾਂ ਨਾਲ ਲਹਿੰਦੇ ਪੰਜਾਬ ਦੀ ਜਰਖੇਜ਼ ਜ਼ਮੀਨ ਨੂੰ ਬਾਖ਼ੂਬੀ ਸਿੰਜਿਆ ਜਾ ਰਿਹਾ ਹੈ। ਇਹ ਦੋਵੇਂ ਨਹਿਰਾਂ ਇੱਕ ਦੂਸਰੀ ਦੇ ਸਮਾਨਅੰਤਰ ਚੱਲ ਕੇ ਕਾਫੀ ਦੂਰੀ ਤੈਅ ਕਰਦੀਆਂ ਹਨ ਅਤੇ ਲਾਹੌਰ ਤੋਂ ਅੱਗੇ ਜਾ ਕੇ ਬਹਾਵਲਪੁਰ ਦੇ ਇਲਾਕੇ ਨੂੰ ਵੀ ਸਿੰਜਦੀਆਂ ਹਨ। ਦੋ ਦਿਨ ਪਹਿਲਾਂ ਹਸਨ ਅਬਦਾਲ ਵਿਖੇ ਗੁਰ-ਦੁਆਰਾ ਸੱਚਾ ਸੌਦਾ ਸਾਹਿਬ ਦੇ ਦਰਸ਼ਨ ਕਰਨ ਜਾਣ ਲੱਗਿਆਂ ਦੌਰਾਨ ਇਨ੍ਹਾਂ ਦੋਵੇਂ ਨਹਿਰਾਂ ਬੜੀ ਨੇੜਿਉਂ ਵੇਖੀਆਂ ਸਨ।

ਝਨਾਂ ਦਰਿਆ ਦਾ ਪੁਲ਼ ਪਾਰ ਕਰਦਿਆਂ ਸੋਹਣੀ-ਮਹੀਂਵਾਲ ਦੇ ਅਟੁੱਟ ਪਿਆਰ ਦਾ ਕਿੱਸਾ ਯਾਦ ਆ ਗਿਆ। ਪ੍ਰਚੱਲਤ ਕਿੱਸੇ ਅਨੁਸਾਰ ਇਸ ਦਰਿਆ ਨੂੰ ਘੜੇ ਦੀ ਸਹਾਇਤਾ ਨਾਲ ਪਾਰ ਕਰਕੇ ਸੋਹਣੀ ਆਪਣੇ ਮਹਿਬੂਬ ਮਹੀਂਵਾਲ ਨੂੰ ਮਿਲਣ ਜਾਂਦੀ ਸੀ ਅਤੇ ਇੱਕ ਦਿਨ ਉਹ ਪੱਕੇ ਘੜੇ ਦੀ ਥਾਂ 'ਤੇ ਆਪਣੀ ਨਣਾਨ ਵੱਲੋਂ ਰੱਖੇ ਗਏ ਕੱਚੇ ਘੜੇ 'ਤੇ ਹੀ ਦਰਿਆ ਵਿੱਚ ਠਿੱਲ੍ਹ ਪਈ ਸੀ। ਕੱਚੇ ਨੇ ਤਾਂ ਆਖ਼ਰ ਕੱਚ ਹੀ ਕਮਾਉਣਾ ਸੀ ਅਤੇ ਉਸ ਨੂੰ ਦਰਿਆ ਦੇ ਅੱਧ-ਵਿਚਕਾਰ ਹੀ ਡੋਬ ਦਿੱਤਾ। ਇਸ ਦੇ ਨਾਲ ਹੀ ਇੱਕ ਸੁਆਲ ਮਨ ਵਿੱਚ 'ਚ ਆਇਆ ਕਿ ਸੋਹਣੀ ਹੀ ਕਿਉਂ ਦਰਿਆ ਪਾਰ ਕਰਕੇ ਮਹੀਂਵਾਲ ਨੂੰ ਮਿਲਣ ਜਾਂਦੀ ਸੀ, ਉਹ ਕਿਉਂ ਨਹੀਂ ਸੀ ਮਿਲਣ ਆਉਂਦਾ ਸੋਹਣੀ ਨੂੰ? ...ਤੇ ਨਾਲ ਹੀ ਇਸ ਦਾ ਜੁਆਬ ਵੀ ਆ ਗਿਆ ਕਿ ਹੋ ਸਕਦਾ ਹੈ ਮਹੀਂਵਾਲ ਨੂੰ ਤਰਨ ਵਿੱਚ ਪੂਰੀ ਮੁਹਾਰਤ ਹਾਸਲ ਨਾ ਹੋਵੇ। ਪਰ ਇਹ ਜੁਆਬ ਓਨਾ ਤਰਕ ਭਰਪੂਰ ਨਾ ਜਾਪਿਆ, ਕਿਉਂਕਿ ਦਰਿਆਵਾਂ ਦੇ ਕਿਨਾਰਿਆਂ 'ਤੇ ਰਹਿਣ ਵਾਲੇ ਤਾਂ ਤਕਰੀਬਨ ਸਾਰੇ ਹੀ 'ਵੱਡੇ ਤਾਰੂ' ਹੁੰਦੇ ਹਨ। ਫਿਰ ਪਤਾ ਨਹੀਂ, ਮਹੀਂਵਾਲ ਦੀ ਹੋਰ ਕੀ ਕਮਜ਼ੋਰੀ ਹੋ ਸਕਦੀ ਹੈ, ਜਾਂ ਫਿਰ ਇਹ ਹੋ ਸਕਦਾ ਹੈ ਕਿ ਉਹ ਆਪਣੀਆਂ ਮੱਝਾਂ ਨੂੰ ਇਕੱਲੀਆਂ ਛੱਡ ਕੇ ਨਾ ਜਾਣਾ ਚਾਹੁੰਦਾ ਹੋਵੇ।

ਏਸੇ ਹੀ ਦਰਿਆ ਝਨਾਂ ਵਿੱਚ ਹੀਰ ਆਪਣੀਆਂ ਸਖੀਆਂ ਦੇ ਨਾਲ ਲੁੱਢਣ ਮਲਾਹ ਦੀ ਬੇੜੀ 'ਤੇ ਸੈਰ ਕਰਦੀ ਹੁੰਦੀ ਸੀ ਅਤੇ ਆਪਣੇ ਮਹਿਬੂਬ 'ਰਾਂਝੇ' ਲਈ ਰੋਜ਼ ਚੂਰੀ ਲੈ ਕੇ ਜਾਇਆ ਕਰਦੀ ਸੀ। ਰਾਂਝਾ ਇਸ ਦਰਿਆ ਦੇ ਕਿਨਾਰੇ ਹੀ ਜੰਗਲ ਵਿੱਚ ਉਸ ਦੇ ਬਾਪ ਦੀਆਂ 12 ਸਾਲ ਮੱਝਾਂ ਚਾਰਦਾ ਰਿਹਾ। ਇਸ ਤਰ੍ਹਾਂ ਇਸ ਦਰਿਆ ਝਨਾਂ ਨੂੰ 'ਆਸ਼ਕਾਂ ਦਾ ਦਰਿਆ' ਹੋਣ ਦਾ ਰੁਤਬਾ ਹਾਸਲ ਹੈ। ਰਸਤੇ ਵਿੱਚ ਇੱਕ ਹੋਰ ਦਰਿਆ 'ਸਵਾਂ' ਵੀ ਆਇਆ। ਇਸ ਦੇ ਬਾਰੇ ਕਿਹਾ ਜਾਂਦਾ ਹੈ ਕਿ ਦੁਨੀਆਂ ਦਾ ਪਹਿਲਾ ਮਨੁੱਖ ਇਸ ਦਰਿਆ ਦੇ ਕੰਢੇ ਵੱਸਿਆ ਸੀ। ਇਹ ਪੀੜ੍ਹੀਓ-ਪੀੜ੍ਹੀ ਚਲੀ ਆਉਂਦੀ ਇੱਕ 'ਲੋਕ-ਗਾਥਾ' (ਮਿੱਥ) ਹੀ ਜਾਪਦੀ ਹੈ, ਕਿਉਂਕਿ ਇਸ ਦੇ ਅਜੇ ਤੱਕ ਕੋਈ ਠੋਸ ਸਬੂਤ ਨਹੀਂ ਮਿਲੇ ਹਨ।

ਸੜਕੀ ਸਫ਼ਰ ਦੇ ਅੱਧ ਕੁ ਵਿਚ ਜਾ ਕੇ ਕਾਲਕਾ ਤੋਂ ਸ਼ਿਮਲੇ ਵੱਲ ਜਾਣ ਲੱਗਿਆਂ ਸੜਕ ਦੇ ਸੱਜੇ ਬੰਨੇ 'ਸ਼ਿਵਾਲਿਕ ਦੀਆਂ ਪਹਾੜੀਆਂ' ਵਰਗੀਆਂ ਪਹਾੜੀਆਂ ਨਜ਼ਰ ਆਉਣ ਲੱਗ ਪਈਆਂ। ਇਹ ਪਹਾੜੀਆਂ ਕਾਫੀ ਹਰੀਆਂ-ਭਰੀਆਂ ਸਨ ਅਤੇ ਇਨ੍ਹਾਂ ਵਿੱਚੋਂ ਕਈ ਤਾਂ ਲਾਲ ਪੱਥਰਾਂ ਵਾਲੀਆਂ ਵੀ ਸਨ ਜੋ ਦੂਰੋਂ ਹੀ ਨਜ਼ਰ ਆ ਰਹੀਆਂ ਸਨ। ਇਨ੍ਹਾਂ ਲਾਲ ਪੱਥਰਾਂ ਵਿੱਚ ਵੀ ਵਿਰਲੇ-ਵਿਰਲੇ ਹਰੇ ਰੁੱਖ ਦਿਖਾਈ ਦੇ ਰਹੇ ਸਨ। ਗੱਲ ਕੀ, ਇਸ ਖ਼ੂਬਸੂਰਤ ਮੋਟਰਵੇਅ 'ਤੇ ਚੱਲਣ ਦਾ ਇਹ ਸਾਰਾ ਨਜ਼ਾਰਾ ਹੀ ਡਾਹਡਾ ਮਨਮੋਹਕ ਸੀ । ਇਹ ਸੱਭ ਵੇਖ ਕੇ ਸਾਰੇ ਬੜੇ ਖ਼ੁਸ਼ ਨਜ਼ਰ ਆ ਰਹੇ ਸਨ।

ਗੁਰਦੁਆਰਾ ਪੰਜਾ ਸਾਹਿਬ ਦੇ ਦਰਸ਼ਨ

ਸਵਾ ਕੁ ਚਾਰ ਵਜੇ ਅਸੀਂ ਗੁਰਦੁ-ਆਰਾ ਪੰਜਾ ਸਾਹਿਬ ਦੀ ਡਿਓਢੀ ਦੇ ਸਾਹਮਣੇ ਬਣੀ ਪਾਰਕਿੰਗ ਵਿੱਚ ਗੱਡੀ ਪਾਰਕ ਕਰਕੇ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਆ ਗਏ। ਇੱਥੇ ਵੀ ਗੁਰਦੁਆਰਾ ਸਾਹਿਬ ਦੀ ਡਿਓਢੀ ਦੇ ਅੰਦਰ ਤਾਇਨਾਤ ਪੁਲੀਸ ਕਰਮਚਾਰੀਆਂ ਵੱਲੋਂ ਸਾਡੇ ਪਾਸਪੋਰਟਾਂ ਦੇ ਵੇਰਵੇ ਆਪਣੇ ਰਜਿਸਟਰਾਂ ਵਿੱਚ ਦਰਜ ਕੀਤੇ ਗਏ। ਅਸੀਂ ਜਾਣਕਾਰੀ ਹਿਤ ਉਨ੍ਹਾਂ ਨੂੰ ਪੁੱਛਿਆ ਕਿ ਕੀ ਅਸੀਂ ਸਾਰੇ ਜਣੇ ਗੁਰਦੁਆਰਾ ਸਾਹਿਬ ਦੇ ਅੰਦਰ ਸਰਾਂ ਵਿੱਚ ਰਾਤ ਠਹਿਰ ਸਕਦੇ ਹਾਂ ਤਾਂ ਅੱਗੋਂ ਉੱਤਰ ਮਿਲਿਆ ਕਿ ਅਸੀਂ

ਚਾਰੇ ਯਾਤਰੀ ਤਾਂ ਉੱਥੇ ਰਾਤ ਕੱਟ ਸਕਦੇ ਹਾਂ ਪਰ ਪਾਕਿਸਤਾਨ ਸਰਕਾਰ ਦੇ ਕਾਨੂੰਨ ਅਨੁਸਾਰ ਸਾਡੇ ਮੇਜ਼ਬਾਨ ਸਾਡੇ ਨਾਲ ਰਾਤ ਉੱਥੇ ਨਹੀਂ ਰਹਿ ਸਕਦੇ। ਉਨ੍ਹਾਂ ਦੇ ਦੱਸਣ ਅਨੁਸਾਰ ਪਾਕਿਸਤਾਨੀ ਯਾਤਰੀ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਤਾਂ ਅੰਦਰ ਜਾ ਸਕਦੇ ਹਨ ਪਰ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਵਿਖੇ ਰਾਤ ਠਹਿਰਨ ਦੀ ਇਜਾਜ਼ਤ ਨਹੀਂ ਹੈ। ਸਾਨੂੰ ਇਹ ਕਾਨੂੰਨ ਬੜਾ ਅਟਪਟਾ ਅਤੇ ਅਜੀਬ ਜਿਹਾ ਲੱਗਿਆ। ਦਰਅਸਲ, ਅਸੀਂ ਤਾਂ ਸਾਰੇ ਇਕੱਠੇ ਹੀ ਰਾਤ ਗੁਰਦੁਆਰਾ ਸਾਹਿਬ ਦੀ ਸਰਾਂ ਵਿਚ ਹੀ ਠਹਿਰਨਾ ਚਾਹੁੰਦੇ ਸੀ ਪਰ ਸਰਕਾਰੀ ਨਿਯਮਾਂ ਅਨੁਸਾਰ ਇਸ ਦੀ ਆਗਿਆ ਨਹੀਂ ਸੀ। ਸੋ ਅਸੀਂ ਵੀ ਉੱਥੇ ਰਾਤ ਨਾ ਠਹਿਰਨ ਦਾ ਮਨ ਬਣਾ ਲਿਆ ਅਤੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਤੋਂ ਬਾਅਦ ਇਸਲਾਮਾਬਾਦ ਜਾ ਕੇ ਇੱਕ ਹੋਟਲ ਵਿੱਚ ਰਾਤ ਠਹਿਰੇ।

## ਗੁਰਦੁਆਰੇ ਵਿੱਚ ਮਿ-ਲਿਆ 'ਟੌਫੀ ਪ੍ਰਸ਼ਾਦ'

ਅੰਦਰ ਜਾ ਕੇ ਸੱਭ ਤੋਂ ਪਹਿਲਾਂ ਗੁਰ-ਦੁਆਰਾ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਨਤਮਸਤਕ ਹੋਏ। ਮੱਥਾ ਟੇਕਿਆ ਅਤੇ ਪ੍ਰਸ਼ਾਦ ਲੈਣ ਲਈ ਸੇਵਾਦਾਰ ਕੋਲ ਗਏ। ਸੇਵਾਦਾਰ ਨੇ ਕੜਾਹ ਪ੍ਰਸ਼ਾਦ ਦੀ ਥਾਂ 'ਤੇ ਇੱਕ ਇੱਕ ਟੌਫੀ ਸਾਡੇ ਹੱਥਾਂ 'ਤੇ ਧਰ ਦਿੱਤੀ। ਸਾਡੇ ਲਈ ਇਹ ਬੜੀ ਹੈਰਾਨੀ ਵਾਲੀ ਗੱਲ ਸੀ, ਕਿਉਂਕਿ ਸਾਰੇ ਗੁਰਦੁਆਰਿਆਂ ਵਿੱਚ ਆਮ ਤੌਰ 'ਤੇ ਸੰਗਤਾਂ ਨੂੰ ਕੜਾਹ ਪ੍ਰਸ਼ਾਦ ਹੀ ਵਰਤਾਇਆ ਜਾਂਦਾ ਹੈ ਅਤੇ ਸੰਗਤ ਦੀ ਵਧੇਰਾ ਆਮਦ ਕਾਰਨ ਕੜਾਹ ਪ੍ਰਸ਼ਾਦ ਦੇ ਖ਼ਤਮ ਹੋ ਜਾਣ ਦੀ ਹਾਲਤ ਵਿੱਚ ਚੌਲਾਂ ਦੀਆਂ ਮਿੱਠੀਆਂ ਫੁੱਲੀਆਂ ਜਾਂ ਛੋਟੇ ਪਤਾਸੇ ਪ੍ਰਸ਼ਾਦ ਵਜੋਂ ਦਿੱਤੇ ਜਾਂਦੇ ਹਨ। ਇਹ 'ਟੌਫੀ ਪ੍ਰਸ਼ਾਦ' ਅਸੀਂ ਇੱਥੇ ਪਹਿਲੀ ਵਾਰ ਹੀ ਵੇਖਿਆ ਸੀ। ਜਦੋਂ ਸੇਵਾਦਾਰ ਨਾਲ ਇਸ ਦੇ ਬਾਰੇ ਗੱਲ ਕੀਤੀ ਗਈ ਤਾਂ ਉਸ ਦਾ ਕਹਿਣਾ ਸੀ ਕਿ ਉਸ ਦਿਨ ਸੰਗਤ ਕਾਫੀ ਗਿਣਤੀ ਵਿੱਚ ਦਰਸ਼ਨਾਂ ਲਈ ਆਈ ਅਤੇ ਕੜਾਹ ਪ੍ਰਸ਼ਾਦ ਚਾਲੇ ਪੈ ਗਿਆ। ਫੁੱਲੀਆਂ-ਪਤਾਸਿਆਂ ਵਾਲਾ ਸੁੱਕਾ ਪ੍ਰਸ਼ਾਦ ਲਿਆਂਦਾ ਨਹੀਂ ਜਾ ਸਕਿਆ ਅਤੇ ਉਸ ਨੇ ਇਹ ਟੌਫੀਆਂ ਹੀ ਪ੍ਰਸ਼ਾਦ ਵਜੋਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਉਸ ਨੇ ਮੰਨਿਆਂ ਕਿ ਇਹ ਪ੍ਰਥਾ ਸਹੀ ਨਹੀਂ ਹੈ ਅਤੇ ਇਹ ਟੌਫੀਆਂ ਵਾਲਾ ਪ੍ਰਸ਼ਾਦ ਮਜਬੂਰੀ ਵਿੱਚ ਦੇਣਾ ਪਿਆ।

## ਪੱਥਰ 'ਤੇ ਪੰਜੇ ਦਾ ਨਿਸ਼ਾਨ ਦਾ ਨਿਸ਼ਾਨ ਨੇੜਿਉਂ ਹੋ ਕੇ ਵੇਖਿਆ

ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਤੋਂ ਬਾਅਦ ਦੂਰੋਂ ਦਿਸ ਰਹੀ ਵਲੀ ਕੰਧਾਰੀ ਦੀ ਪਹਾੜੀ ਵੱਲੋਂ ਗੁਰਦੁਆਰਾ ਸਾਹਿਬ ਵੱਲ ਆਉਂਦੇ ਚਸ਼ਮੇਂ ਨੂੰ ਨੇੜਿਉਂ ਤੱਕਣ ਅਤੇ ਉਸ ਵਿੱਚ ਆਉਂਦੇ ਪਾਣੀ ਦਾ ਚੁਲਾ ਲੈਣ ਲਈ ਚੱਲ ਪਏ। ਚਸ਼ਮੇਂ ਦੇ ਉਪਰਲੇ ਪਾਸੇ ਪੱਥਰ 'ਤੇ ਪਏ ਹੋਏ ਨਿਸ਼ਾਨ ਨੂੰ ਨੇੜੇ ਹੋ ਕੇ ਵੇਖਿਆ। ਕਈ ਸ਼ਰਧਾਲੂ ਤਾਂ ਹੇਠਾਂ ਪਾਣੀ ਵਿਚ ਦੋ ਪੌੜੀਆਂ ਉੱਤਰ ਕੇ ਉਸ ਨਿਸ਼ਾਨ ਦੇ ਉੱਪਰ ਆਪਣਾ ਪੰਜਾ ਰੱਖ ਕੇ ਉਸ 'ਤੇ ਲੱਗੇ ਗੁਰੂ ਨਾਨਕ ਦੇਵ ਜੀ ਦੇ ਪੰਜੇ ਦੀ ਛੋਹ ਨੂੰ ਮਹਿਸੂਸ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਖ਼ੈਰ, ਇਹ ਤਾਂ ਸਾਡੇ ਲੋਕਾਂ ਦੀ ਆਸਥਾ ਦਾ ਸੁਆਲ ਹੈ ਅਤੇ ਇਸ ਦੇ ਬਾਰੇ ਕੁੱਝ ਵੀ ਕਹਿਣਾ ਮੁਨਾਸਬ ਨਹੀਂ ਹੈ। ਪਰ ਅਸੀਂ ਉਸ ਨਿਸ਼ਾਨ ਨੂੰ ਕੁਝ ਦੂਰੀ ਤੋਂ ਹੀ ਉਸ ਨੂੰ ਵੇਖਿਆ। ਸਾਡੇ ਗਰੁੱਪ ਦੀਆਂ ਬੀਬੀਆਂ ਤਾਂ ਹੇਠਾਂ ਪਾਣੀ ਵਿੱਚ ਜਾਣ ਤੋਂ ਡਰ ਰਹੀਆਂ ਸਨ, ਕਿਉਂਕਿ ਪਾਣੀ ਵਿੱਚਲੀ ਪੌੜੀ ਜੰਮੇਂ ਹੋਏ ਪਣੇ ਕਾਰਨ ਥੋੜ੍ਹੀ ਜਿਹੀ ਤਿਲਕਵੀਂ ਵੀ ਸੀ। ਮੈਂ ਹਿੰਮਤ ਕਰਕੇ ਪਾਣੀ ਦੇ ਅੰਦਰ ਇਸ ਪੌੜੀ ਦੇ ਉੱਪਰ ਪੈਰ ਧਰਿਆ ਅਤੇ ਨੇੜੇ ਜਾ ਕੇ ਜਦੋਂ ਉਸ ਪੱਥਰ ਨੂੰ ਗਹੁ ਨਾਲ ਵੇਖਿਆ ਤਾਂ ਮੈਨੂੰ ਇੰਜ ਲੱਗਿਆ ਜਿਵੇਂ ਇਹ ਕਿਸੇ ਸੁਘੜ ਕਾਰੀਗਰ ਵੱਲੋਂ ਬੜੀ ਸਿਆਣਪ ਨਾਲ ਪੱਥਰ ਨੂੰ ਤਰਾਸ਼ ਕੇ ਥੋੜ੍ਹਾ ਓਪਰਾ ਜਿਹਾ ਡੂੰਘਾ ਉੱਕਰਿਆ ਗਿਆ ਹੋਵੇ। ਹਰੇਕ ਸ਼ਰਧਾਲੂ ਦੀ ਸ਼ਰਧਾ ਅਤੇ ਉਸ ਦੇ ਅਕੀਦੇ ਦਾ ਆਪਣਾ ਹੀ ਮਾਪਦੰਡ ਹੁੰਦਾ ਹੈ। ਇਹ ਮੇਰੀ ਨਿੱਜੀ ਸੋਚ ਹੈ ਅਤੇ ਹੋ ਸਕਦਾ ਹੈ, ਮੈਂ ਗ਼ਲਤ ਵੀ ਹੋਵਾਂ ਪਰ ਪੱਥਰ 'ਤੇ ਪਏ ਇਸ ਨਿਸ਼ਾਨ ਨੂੰ ਮੇਰਾ ਮਨ ਗੁਰੂ ਨਾਨਕ ਦੇਵ ਜੀ ਦੇ ਪੰਜੇ ਦਾ ਨਿਸ਼ਾਨ ਮੰਨਣ ਲਈ ਤਿਆਰ ਨਹੀਂ ਸੀ। ਇਹ ਮੇਰਾ ਆਪਣਾ ਵਿਚਾਰ ਸੀ ਅਤੇ ਮੈਂ ਇਹ ਆਪਣੇ ਸਾਥੀਆਂ ਨਾਲ ਵੀ ਸਾਂਝਾ ਕੀਤਾ। ਉਨ੍ਹਾਂ ਵਿੱਚੋਂ ਕਈ ਮੇਰੇ ਇਸ ਵਿਚਾਰ ਨਾਲ ਸਹਿਮਤ ਨਹੀਂ ਸਨ।

ਅਸਿਸਟੈਂਟ ਕਮਿਸ਼ਨਰ ਸੰਨਾ ਰਾਮ ਚੰਦਰ ਨਾਲ ਹੋਈ ਅਚਾਨਕ ਮੁਲਾਕ-ਾਤ

ਇਸ ਤੋਂ ਬਾਅਦ ਲੰਗਰ ਅਸਥਾਨ ਵੱਲ ਜਾਂਦੇ ਹੋਏ ਰਸਤੇ ਵਿੱਚ ਇਸ ਸ਼ਹਿਰ ਹਸਨ ਅਬਦਾਲ ਦੀ ਅਸਿਸਟੈਂਟ ਕਮਿਸ਼ਨਰ (ਚੜ੍ਹਦੇ ਪੰਜਾਬ ਦੇ 'ਐੱਸ.ਡੀ.ਐੱਮ.' ਦੇ ਬਰਾਬਰ ਅਹੁਦਾ) ਸੰਨਾ ਰਾਮ ਚੰਦਰ (ਇਕ ਨੌਜੁਆਨ ਹਿੰਦੂ ਲੜਕੀ) ਨਾਲ ਅਚਾਨਕ ਮੁਲਾਕਾਤ ਹੋ ਗਈ। ਕਿਸੇ ਸ਼ਰਧਾਲੂ ਨੇ ਸਾਨੂੰ ਦੱਸਿਆ ਕਿ ਇਹ ਇੱਥੋਂ ਦੀ ਅਸਿਸਟੈਂਟ ਕਮਿਸ਼ਨਰ ਹੈ ਅਤੇ ਇਹ ਰੋਜ਼ ਹੀ ਇਸ ਗੁਰਦੁ-ਆਰਾ ਸਾਹਿਬ ਵਿਖੇ ਮੱਥਾ ਟੇਕਣ ਅਤੇ ਇੱਥੋਂ ਦੇ ਪ੍ਰਬੰਧਕੀ ਕਾਰਜਾਂ ਦਾ ਜਾਇਜ਼ਾ ਲੈਣ ਲਈ ਇੱਥੇ ਆਉਂਦੀ ਹੈ। ਉਸ ਦਿਨ ਸਬੱਬ ਨਾਲ ਉਹ ਉਸ ਸਮੇਂ ਉੱਥੇ ਆਈ ਜਦੋਂ ਅਸੀਂ ਲੰਗਰ ਛਕਣ ਦੇ ਮੰਤਵ ਨਾਲ ਲੰਗਰ ਅਸਥਾਨ ਵੱਲ ਜਾ ਰਹੇ ਸੀ। ਉਸ ਨੂੰ ਵੇਖ ਕੇ ਸਾਡੀ ਦਿਲਚਸਪੀ ਉਸ ਨਾਲ ਗੱਲਬਾਤ ਕਰਨ ਦੀ ਬਣ ਗਈ। ਉਸ ਨੇ ਸਲਵਾਰ-ਕਮੀਜ਼ ਦਾ ਬੜਾ ਸਾਦਾ ਲਿਬਾਸ ਪਾਇਆ ਹੋਇਆ ਸੀ ਅਤੇ ਉਸ ਦੀ ਉਮਰ ਮਸਾਂ 24-25 ਸਾਲ ਦੇ ਆਸ-ਪਾਸ ਹੀ ਹੋਵੇਗੀ। ਸੰਖੇਪ ਜਿਹੀ ਗੱਲਬਾਤ ਦੌਰਾਨ ਉਸ ਨੇ ਦੱਸਿਆ ਕਿ ਉਹ ਪਾਕਿਸਤਾਨ ਦੇ ਸਿੰਧ ਸੂਬੇ ਤੋਂ ਹੈ ਅਤੇ ਉੱਥੇ ਸਿੰਧੀ ਹਿੰਦੂ ਪਰਿਵਾਰ ਕਾਫੀ ਗਿਣਤੀ ਵਿੱਚ ਹਨ।

### ਭੈਣ ਗੁਰਚਰਨ ਨੇ 'ਪੰਜਾਬੀ ਨੈਸ਼ਨਲ ਟੀ.ਵੀ. ਲਈ ਉਸ ਦੇ ਨਾਲ ਕੀਤੀ ਇੰਟਰਵਿਊ

ਉਸ ਨਾਲ ਗੱਲਬਾਤ ਕਰਦਿਆ ਗੁਰਚਰਨ ਥਿੰਦ ਨੇ ਸੰਨਾ ਨੂੰ ਪੁੱਛਿਆ ਕਿ ਕੀ ਉਹ 10-15 ਮਿੰਟਾਂ ਲਈ ਉਸ ਦੇ ਨਾਲ ਜਲੰਧਰ ਸ਼ਹਿਰ ਤੋਂ ਚੱਲ ਰਹੇ 'ਪੰਜਾਬੀ ਨੈਸ਼ਨਲ ਟੀ.ਵੀ.' ਅਤੇ ਲਾਹੌਰ ਦੇ 'ਪੰਜਾਬੀ ਪ੍ਰਚਾਰ ਟੀ.ਵੀ. ਇੰਟਰਵਿਊ ਦੇ ਸਕਦੀ ਹੈ ਜਿਸ ਦੇ ਲਈ ਉਸ ਨੇ ਹਾਮੀ ਭਰਨ 'ਤੇ ਗੁਰਦੁਆਰਾ ਸਾਹਿਬ ਦੇ ਲੰਗਰ ਅਸਥਾਨ ਵਾਲੇ ਪਾਸੇ ਖਲੋ ਕੇ ਉਸ ਨਾਲ ਇੰਟਰਵਿਊ ਆਰੰਭ ਕਰ ਦਿੱਤੀ। ਇੰਟਰਵਿਊ ਦੇ ਦੌਰਾਨ ਸੰਨਾ ਨੇ ਦੱਸਿਆ ਕਿ ਉਸ ਨੂੰ ਸ਼ੁਰੂ ਤੋਂ ਹੀ ਪੜ੍ਹਨ ਦਾ ਬੜਾ ਸ਼ੌਕ ਸੀ ਅਤੇ ਉਸ ਦੇ ਮਾਪਿਆਂ ਨੇ ਇਸ ਦੇ ਲਈ ਉਸ ਦੀ ਬੜੀ ਮਦਦ ਕੀਤੀ। ਗਰੈਜੂਏਸ਼ਨ ਕਰਨ ਤੋਂ ਬਾਅਦ ਉਸ ਨੇ ਪਬਲਿਕ ਐਡਮਨਿਸਟ੍ਰੇਸ਼ਨ ਵਿਚ ਐੱਮ.ਏ. ਕੀਤੀ ਅਤੇ ਫਿਰ ਪਾਕਿ-ਸਤਾਨ ਦੀ ਮੁਕਾਬਲੇ ਦੀ ਸਿਵਲ ਪ੍ਰੀਖਿਆ ਵਿੱਚ ਬੈਠੀ ਜਿਸ ਵਿੱਚ ਪਹਿਲੀ ਵਾਰ ਹੀ ਉਸ ਨੂੰ ਸਫ਼ਲਤਾ ਪ੍ਰਾਪਤ ਹੋ ਗਈ ਅਤੇ ਟ੍ਰੇਨਿੰਗ ਤੋਂ ਬਾਅਦ ਪਹਿਲੀ ਪੋਸਟਿੰਗ ਇੱਥੇ ਹਸਨ ਅਬਦਾਲ ਵਿੱਚ ਹੋਈ। ਉਸ ਨੇ ਦੱਸਿਆ ਕਿ ਉਸ ਦੀ ਗੁਰੂ ਘਰ ਵਿੱਚ ਬੜੀ ਸ਼ਰਧਾ ਹੈ ਅਤੇ ਉਹ ਇੱਥੇ ਰੋਜ਼ਾਨਾ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰ ਆਉਂਦੀ ਹੈ। ਇਹ ਉਸ

ਦੇ ਲਈ 'ਇੱਕ ਪੰਥ ਦੋ ਕਾਜ' ਵਾਲੀ ਗੱਲ ਹੈ। ਦਫ਼ਤਰ ਵਿੱਚ ਡਿਊਟੀ ਟਾਈਮ ਤੋਂ ਬਾਅਦ ਸ਼ਾਮ ਨੂੰ ਸ਼ਹਿਰ ਦਾ ਚੱਕਰ ਲਗਾਉਂਦੀ ਹੋਈ ਉਹ ਇੱਥੇ ਮੱਥਾ ਟੇਕਣ ਲਈ ਆ ਜਾਂਦੀ ਹੈ ਅਤੇ ਨਾਲ ਹੀ ਇੱਥੇ ਗੁਰਦੁਆਰਾ ਸਾਹਿਬ ਦਾ ਪ੍ਰਬੰਧਾਂ ਨੂੰ ਵੀ ਵੇਖ ਜਾਂਦੀ ਹੈ। ਗੁਰਚਰਨ ਵੱਲੋਂ ਪੁੱਛੇ ਗਏ ਸੁਆਲ ਕਿ ਕੀ ਪਾਕਿਸਤਾਨ ਵਿੱਚ ਲੜਕੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਵਿੱਚ ਕੋਈ ਦਿੱਕਤ ਤਾਂ ਪੇਸ਼ ਨਹੀਂ ਆਉਂਦੀ, ਦੇ ਜੁਆਬ ਵਿੱਚ ਉਸ ਨੇ ਦੱਸਿਆ ਕਿ ਅਜਿਹੀ ਕੋਈ ਗੱਲ ਨਹੀਂ ਹੈ ਪਰ ਉਚੇਰੀ ਸਿੱਖਿਆ ਲਈ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਲੜਕੀਆਂ ਦੀ ਗਿਣਤੀ ਮੁਕਾਬਲਤਨ ਘੱਟ ਹੈ। ਸ਼ਾਇਦ ਉਨ੍ਹਾਂ ਦੇ ਮਾਪੇ ਇਸ ਦੇ ਲਈ ਉਨ੍ਹਾਂ ਨੂੰ ਇਨ੍ਹਾਂ ਉਚੇਰੀਆਂ ਸੰਸਥਾਵਾਂ ਵਿੱਚ ਭੇਜਣਾ ਨਹੀਂ ਚਾਹੁੰਦੇ। ਪਾਕਿਸਤਾਨ ਦੀ ਸਿਆਸਤ, ਧਰਮ ਅਤੇ ਸਿਵਲ ਪ੍ਰਬੰਧਾਂ ਦੇ ਨਾਲ ਜੁੜੇ ਕਈ ਸੁਆਲਾਂ ਦੇ ਜੁਆਬ ਉਹ ਬੜੇ ਸੁਚੱਜੇ ਢੰਗ ਨਾਲ ਟਾਲ਼ ਗਈ ਜਿਸ ਤੋਂ ਉਸ ਦੀ ਸੋਚ ਅਤੇ ਸਿਆਣਪ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਸੀ। ਇੰਟਰਵਿਊ ਦੀ ਸਮਾਪਤੀ 'ਤੇ ਸੰਨਾ ਦਾ ਧੰਨਵਾਦ ਕਰਨ ਤੋਂ ਬਾਅਦ ਅਸੀਂ ਲੰਗਰ ਅਸਥਾਨ ਵੱਲ ਗਏ ਅਤੇ ਉੱਥੇ ਜਾ ਕੇ 'ਗੁਰੂ ਕਾ ਲੰਗਰ' ਛਕਿਆ। ਇੱਥੇ ਸਾਨੂੰ ਕੈਨੇਡਾ ਦੇ ਸ਼ਹਿਰ ਲੰਡਨ ਤੋਂ ਆਇਆ ਇੱਕ ਪਰਿਵਾਰ ਮਿਲ ਪਿਆ। ਉਨ੍ਹਾਂ ਦੇ ਨਾਲ ਪਾਕਿਸਤਾਨ ਦੇ ਉਨ੍ਹਾਂ ਦੇ ਅਤੇ ਆਪਣੇ ਟੂਰ ਦੀਆਂ ਗੱਲਾਂ-ਬਾਤਾਂ ਸਾਂਝੀਆਂ ਹੋਈਆਂ। ਉਨ੍ਹਾਂ ਨੂੰ ਲਾਹੌਰ ਆਇਆਂ ਅਜੇ ਦੋ ਦਿਨ ਹੀ ਹੋਏ ਸਨ, ਜਦਕਿ ਸਾਡਾ ਲਹਿੰਦੇ ਪੰਜਾਬ ਵਿੱਚ ਅੱਜ ਗਿਆਰ੍ਹਵਾਂ ਦਿਨ ਸੀ। ਉਨ੍ਹਾਂ ਨੂੰ ਮਿਲ ਕੇ ਸਾਨੂੰ ਬਹੁਤ ਖ਼ੁਸ਼ੀ ਹੋਈ।

## ਇਸਲਾਮਾਬਾਦ ਤੇ ਰਾਵਲਪਿੰਡੀ ਸ਼ਹਿਰ ਰਾਤ ਨੂੰ ਵੇਖੇ

ਦਰਸ਼ਨੀ ਡਿਓਢੀ 'ਤੇ ਤਾਇਨਾਤ ਪੁਲੀਸ ਕਰਮਚਾਰੀਆਂ ਤੋਂ ਸਾਨੂੰ ਇਹ ਜਾਣਕਾਰੀ ਮਿਲ ਚੁੱਕੀ ਸੀ ਕਿ ਸਾਡੇ ਮੇਜ਼ਬਾਨ ਰਾਤ ਇੱਥੇ ਸਰਾਂ ਵਿੱਚ ਨਹੀਂ ਠਹਿਰ ਸਕਦੇ ਸਨ ਅਤੇ ਅਸੀਂ ਸਾਰੇ ਇਕੱਠੇ ਹੀ ਰਹਿਣਾ ਚਾਹੁੰਦੇ ਸਾਂ। ਇਸ ਲਈ ਅਸੀਂ ਇਸਲਾਮਾਬਾਦ ਜਾ ਕੇ ਰਾਤ ਠਹਿਰਨ ਦਾ ਮਨ ਬਣਾ ਲਿਆ ਅਤੇ ਸ਼ਾਮ ਨੂੰ ਸਵਾ ਕੁ ਛੇ ਵਜੇ ਇਸਲਾਮਾਬਾਦ ਨੂੰ ਚੱਲ ਪਏ। ਪੌਣੇ ਕੁ ਘੰਟੇ ਦੇ ਸੜਕੀ ਸਫ਼ਰ ਤੋਂ ਬਾਅਦ ਇਸਲਾਮਾਬਾਦ ਪਹੁੰਚੇ ਅਤੇ ਉੱਥੇ ਇਕ ਹੋਟਲ ਵਿਚ ਕਮਰੇ ਬੁੱਕ ਕਰਵਾਏ। ਆਪਣਾ ਸਮਾਨ ਕਮਰਿਆਂ

ਵਿੱਚ ਟਿਕਾਇਆ ਅਤੇ ਪਾਕਿ-ਸਤਾਨ ਦੀ ਰਾਜਧਾਨੀ ਇਸਲਾਮਾਬਾਦ ਵੇਖਣ ਲਈ ਨਿਕਲ ਪਏ। ਚੰਡੀਗੜ੍ਹ ਵਾਂਗ ਇਹ ਸ਼ਹਿਰ ਵੀ ਵੱਖ-ਵੱਖ ਸੈਕਟਰਾਂ ਵਿੱਚ ਵੰਡਿਆ ਹੋਇਆ ਅਤੇ ਇਸ ਦੀਆਂ ਬਹੁਤੀਆਂ ਸੜਕਾਂ ਇੱਕ ਦੂਸਰੀ ਨੂੰ 90 ਦਰਜੇ 'ਤੇ ਕੱਟਦੀਆਂ ਹਨ। ਇਸਲਾਮਾਬਾਦ ਸ਼ਹਿਰ ਰਾਤ ਨੂੰ ਵੀ ਪੂਰਾ ਜਗਦਾ ਅਤੇ ਜਾਗਦਾ ਹੈ। ਅਸੀਂ ਗੱਡੀ 'ਤੇ ਸ਼ਹਿਰ ਦੀਆਂ ਮੁੱਖ ਥਾਵਾਂ ਦਾ ਚੱਕਰ ਲਗਾਇਆ। ਸੱਭ ਤੋਂ ਪਹਿਲਾਂ ਇਸਲਾਮਾਬਾਦ ਦੀ ਮਸ਼ਹੂਰ, ਖ਼ੂਬਸੂਰਤ ਅਤੇ ਬੜੀ ਖੁੱਲ੍ਹੀ-ਡੁੱਲ੍ਹੀ 'ਫੈਸਲ ਮਸਜਿਦ' ਵੇਖਣ ਗਏ। ਇਹ ਸਾਉਦੀ ਅਰੇਬੀਆ ਵਿੱਚ ਰਹਿੰਦੇ ਪਾਕਿਸਤਾਨੀ ਪਿਛੋਕੜ ਦੇ ਇੱਕ ਬਹੁਤ ਹੀ ਅਮੀਰ ਵਿਅੱਕਤੀ 'ਫੈਸਲ' ਵੱਲੋਂ ਬਣਵਾਈ ਗਈ ਹੈ ਅਤੇ ਇਸ ਦਾ ਨਾਂ ਵੀ ਓਸੇ ਦੇ ਨਾਂ 'ਤੇ ਮਸ਼ਹੂਰ ਹੋ ਗਿਆ ਹੈ। ਪਾਕਿਸਤਾਨ ਦੇ ਪੁਰਾਣੇ ਸ਼ਹਿਰ 'ਲਾਇਲਪੁਰ' ਦਾ ਨਾਂ ਬਦਲ ਕੇ 'ਫੈਸਲਾਬਾਦ' ਵੀ ਏਸੇ ਸ਼ਖ਼ਸ ਦੇ ਨਾਂ 'ਤੇ ਹੀ ਕੀਤਾ ਗਿਆ ਹੈ। ਕਈ ਪੌੜੀਆਂ ਚੜ੍ਹ ਕੇ ਉੱਪਰ ਬਣੇ ਹੋਏ ਲੰਮੇਂ-ਚੌੜੇ ਪਲੇਟਫਾਰਮ 'ਤੇ ਬਣੀ ਹੋਈ ਇਹ ਮਸਜਿਦ ਆਪਣੇ ਆਪ ਵਿੱਚ ਇੱਕ ਅਜੂਬਾ ਹੀ ਪ੍ਰਤੀਤ ਹੁੰਦੀ ਹੈ। ਰੰਗ-ਬਰੰਗੀਆਂ ਰੌਸ਼ਨੀਆਂ ਵਿੱਚ ਜਗਮਗਾਉਂਦੀ ਇਹ ਮਸਜਿਦ ਰਾਤ ਨੂੰ ਦੂਰੋਂ ਹੀ ਦਰਸ਼ਕਾਂ ਦੀ ਖਿੱਚ ਦਾ ਕਾਰਨ ਬਣਦੀ ਹੈ। ਹਲਕੀ ਨੀਲੀ ਰੌਸ਼ਨੀ ਵਿੱਚ ਜਗਮਗਾਉਂਦੇ ਇਸ ਦੇ ਚਾਰੇ ਮੀਨਾਰ ਅਤੇ ਕੇਂਦਰੀ ਹਾਲ ਦੂਰੋਂ ਹੀ ਦਿਖਾਈ ਦੇ ਰਹੇ ਸਨ। ਅਸੀਂ ਰਾਤ ਲੇਟ ਹੀ ਇਸ ਮਸਜਿਦ ਵਿੱਚ ਪਹੁੰਚੇ ਅਤੇ ਸਾਡੇ ਜਾਂਦਿਆਂ ਨੂੰ ਇਸ ਦਾ ਕੇਂਦਰੀ-ਹਾਲ ਜਿਸ ਵਿੱਚ ਮੁਸਲਿਮ ਭਰਾਵਾਂ ਵੱਲੋਂ ਮਿਲ ਕੇ ਨਮਾਜ਼ ਅਦਾ ਕੀਤੀ ਜਾਂਦੀ ਹੈ, ਬੰਦ ਹੋ ਚੁੱਕਾ ਸੀ। ਅਸੀਂ ਬਾਹਰੋਂ ਹੀ ਇਸ ਦੇ ਦਰਸ਼ਨ ਕੀਤੇ ਅਤੇ ਸਾਰੀ ਇਮਾਰਤ ਦਾ ਚੱਕਰ ਲਗਾ ਕੇ ਵਾਪਸ ਆ ਗਏ।

ਵਾਪਸੀ 'ਤੇ ਗੱਡੀ ਵਿੱਚ ਹੀ ਪਾਰਲੀਮੈਂਟ ਹਾਊਸ, ਰਾਸ਼ਟਰਪਤੀ ਦਾ ਮਹਿਲ-ਨੁਮਾ ਘਰ, ਪ੍ਰਧਾਨ ਮੰਤਰੀ ਦੀ ਰਿਹਾਇਸ਼, ਸੁਪਰੀਮ ਕੋਰਟ ਦੀ ਵਿਸ਼ਾਲ ਇਮਾਰਤ, ਪਾਕਿਸਤਾਨ ਦਾ ਮਸ਼ਹੂਰ 'ਪੀ.ਟੀ.ਵੀ.' ਜਿਸ ਦੇ ਉਰਦੂ ਤੇ ਪੰਜਾਬੀ ਡਰਾਮੇ ਸਾਰੇ ਹੀ ਬੜੀ ਦਿਲਚਸਪੀ ਨਾਲ ਵੇਖਦੇ ਹਨ, ਦੀ ਖ਼ੂਬਸੂਰਤ ਇਮਾਰਤ ਅਤੇ ਇਸ ਤੋਂ ਥੋੜ੍ਹੀ ਜਿਹੀ ਦੂਰ 'ਰੇਡੀਓ ਪਾਕਿਸਤਾਨ' ਦੀ ਇਮਾਰਤ ਵੀ ਵੇਖੀ। ਇਕ ਮਾਰਕੀਟ ਵਿੱਚ ਵੀ ਗਏ। ਰੰਗ-ਬਿਰੰਗੀਆਂ ਰੌਸ਼ਨੀਆਂ ਨਾਲ ਸੱਜੇ ਹੋਏ ਕਈ ਖ਼ੂਬਸੂਰਤ ਸ਼ੋਅਰੂਮ ਵੇਖੇ ਪਰ ਉਨ੍ਹਾਂ ਵਿੱਚੋਂ ਖ਼ਰੀਦਦਾਰੀ ਕੋਈ ਨਹੀਂ ਕੀਤੀ। ਲਾਹੌਰ ਦੇ ਮੁਕਾਬਲੇ ਸਾਨੂੰ ਇਹ ਸ਼ਹਿਰ ਮਹਿੰਗਾ ਲੱਗਿਆ, ਸ਼ਾਇਦ ਮੁਲਕ ਦੀ ਰਾਜਧਾਨੀ ਹੋਣ ਕਰਕੇ ਜਾਂ ਇਸ ਦੇ ਕੋਈ ਹੋਰ ਕਾਰਨ ਵੀ ਹੋ ਸਕਦਾ ਹੈ।

ਗੱਡੀ ਵਿੱਚ ਚੱਲਦੇ-ਚੱਲਦੇ ਇਸਲਾਮਾਬਾਦ ਦੇ ਨਾਲ ਲੱਗਦੇ ਸ਼ਹਿਰ ਰਾਵਲਪਿੰਡੀ ਦਾ ਵੀ ਚੱਕਰ ਲਗਾਇਆ। ਇਸਲਾਮਾਬਾਦ ਦੇ ਮੁਕਾਬਲੇ ਇਹ ਰਾਤ ਨੂੰ ਸੁੱਤਾ-ਸੁੱਤਾ ਹੀ ਲੱਗ ਰਿਹਾ ਸੀ। ਸੜਕਾਂ 'ਤੇ ਕੋਈ ਖਾਸ ਰੌਣਕ ਨਹੀਂ ਸੀ। ਇਸ ਲਈ ਇੱਥੋਂ ਜਲਦੀ ਹੀ ਨਿਕਲ ਪਏ। ਇਸਲਾਮਾਬਾਅਦ ਵਾਪਸ ਆ ਕੇ ਗਿਆਰਾਂ ਕੁ ਵਜੇ ਰਸਤੇ ਵਿੱਚ ਇੱਕ ਰੈਸਟੋਰੈਂਟ 'ਤੇ ਖਾਣਾ ਖਾਧਾ ਅਤੇ ਰਾਤੀਂ ਸਾਢੇ ਗਿਆਰਾਂ ਵਜੇ ਹੋਟਲ ਪਹੁੰ-ਚੇ। ਦਿਨੇਂ ਛੇ-ਸੱਤ ਘੰਟੇ ਸਫ਼ਰ ਵਿਚ ਰਹਿਣ ਕਰਕੇ ਅਤੇ ਫਿਰ ਅੱਧੀ ਰਾਤ ਤੱਕ ਇਸਲਾਮਾਬਾਦ ਘੁੰਮਦੇ ਰਹਿਣ ਕਰਕੇ ਹੋਈ ਥਕਾਵਟ ਕਾਰਨ ਰਾਤ ਨੀਂਦ ਬੜ੍ਹੀ ਗੂੜ੍ਹੀ ਆਈ ।

# ਸੁਖਦੇਵ ਮਾਦਪੁਰੀ ਨੂੰ ਯਾਦ ਕਰਦਿਆਂ

12 ਜੂਨ 1935 ਨੂੰ ਪਿੰਡ ਮਾਦਪੁਰ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸ: ਦਿਆ ਸਿੰਘ ਅਤੇ ਮਾਤਾ ਸੁਰਜੀਤ ਕੌਰ ਦੇ ਘਰ ਸੁਖਦੇਵ ਮਾਦਪੁਰੀ ਦਾ ਜਨਮ ਹੋਇਆ। ਆਪਣੇ ਪਿੰਡ ਤੋਂ ਪ੍ਰਾਇਮਰੀ ਦੀ ਪੜ੍ਹਾਈ ਕੀਤੀ,ਮੈਟ੍ਰਿਕ ਜਸਪਾਲੋਂ ਤੋਂ ਅਤੇ ਜੇ.ਬੀ.ਟੀ ਕੁਰਾਲੀ ਤੋਂ ਕਰਕੇ ਮਾਦਪੁਰੀ ਪਿੰਡ ਢਿੱਲਵਾਂ, ਜ਼ਿਲ੍ਹਾ ਲੁਧਿਆਣਾ 'ਚ ਪ੍ਰਾਇਮਰੀ ਸਕੂਲ 'ਚ 19 ਮਈ 1954 ਨੂੰ ਅਧਿਆਪਕ ਵੱਜੋਂ ਲੱਗ ਗਏ ਤੇ 1978 ਤੱਕ ਆਪਣੀ ਡਿਊਟੀ ਨਿਭਾਉਂਦੇ ਰਹੇ। ਇਸ ਸਮੇਂ ਦੌਰਾਨ ਹੀ ਉਨ੍ਹਾਂ ਦਾ ਸਾਹਿ-ਤਕ ਸਫ਼ਰ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ। ਇਸ ਦੌਰਾਨ ਨਾ਼ਲ-ਨਾ਼ਲ ਹੀ ਉਹਨਾਂ ਨੇ ਪ੍ਰਾਈਵੇਟ ਤੌਰ ਤੇ ਆਪਣੀ ਪੜ੍ਹਾਈ ਜਾਰੀ ਰੱਖੀ ਅਤੇ ਪੰਜਾਬੀ ਦੀ ਐਮਏ। ਕਰ ਲਈ।

1978 ਤੋਂ 80 ਤਕ 'ਪੰਜਾਬ ਸਕੂਲ ਸਿੱਖਿਆ ਬੋਰਡ' ਵਿਚ ਬਤੌਰ ਵਿਸ਼ਾ ਮਾਹਿਰ ਸੇਵਾ ਨਿਭਾਈ। 1980 ਤੋਂ 1993 ਤਕ ਸਿੱਖਿਆ ਬੋਰਡ ਦੇ ਬੱਚਿਆਂ ਲਈ ਨਿਕਲਦੇ ਪਰਚਿਆਂ 'ਪੰਖੜੀਆਂ' ਅਤੇ 'ਪ੍ਰਾਇਮਰੀ ਸਿੱਖਿਆ' ਦਾ ਸੰਪਾਦਨ ਕੀਤਾ। 'ਪੰਜਾਬ ਸਕੂਲ ਸਿੱਖਿਆ ਬੋਰਡ' ਮੋਹਾਲੀ ਤੋਂ ਹੀ ਉਹ ਬਤੌਰ ਸਹਾਇਕ ਡਾਇਰੈਕਟਰ ਸੇਵਾ ਨਿਵਰਿਤ ਹੋਇਆ ਅਤੇ 1993 ਤੋਂ 1996 ਤਕ 'ਪੰਜਾਬੀ ਬਾਲ ਸਾਹਿਤ ਪ੍ਰਜੈਕਟ' ਦੇ ਸੰਚਾਲਕ ਵਜੋਂ ਕਾਰਜ ਕੀਤਾ। ਉਹ ਬਹੁਪੱਖੀ ਸਾਹਿਤਕਾਰ ਸਨ, ਕਵੀ ਸਨ, ਕਹਾਣੀਕਾਰ ਸਨ, ਵਾਰਤਕਕਾਰ ਸਨ, ਸੰਪਾਦਕ ਸਨ, ਅਨੁਵਾਦਕ ਸਨ, ਖੋਜਾਰਥੀ ਸਨ। ਇਹ ਕਲਮ ਦੀ ਮਿਹਰਬਾਨੀ ਸਦਕਾ ਉਹ ਸੁਭਾਅ ਪੱਖੋਂ ਨੇਕ, ਨਿੰਘੇ ਤੇ ਮਿਲਾਪੜੇ ਵੀ ਸਨ।

ਉਹਨਾਂ ਨੇ ਆਪਣੇ ਮੁੱਢਲੇ ਸ਼ੌਕ, ਲੋਕ ਸੱਭਿਆਚਾਰ ਦੀ ਸਾਂਭ ਸੰਭਾਲ ਨੂੰ ਲੈਕੇ ਆਪਣੀ ਜ਼ਿੰਦਗੀ ਵਿੱਚ ਲੋਕ ਖੇਡਾਂ, ਲੋਕ ਗੀਤ, ਲੋਕ ਕਹਾਣੀਆਂ, ਲੋਕ ਬੁਝਾਰਤਾਂ, ਪੰਜਾਬੀ ਸਭਿਆਚਾਰ, ਬਾਲ ਸਾਹਿਤ ਬਾਰੇ ਤੀਹ ਦੇ ਕਰੀਬ ਕਿਤਾਬਾਂ ਲਿਖੀਆਂ।

ਮਾਦਪੁਰੀ ਖੁਦ ਦੱਸਦੇ ਹਨ ਕਿ ਲੋਕ ਗੀਤਾਂ ਨੂੰ ਇਕੱਠੇ ਕਰਨ ਦਾ ਫੁਰਨਾ ਉਹਨਾਂ ਦੇ ਮਨ 1954 'ਚ ਅਚਾਨਕ ਹੀ ਆਇਆ ਸੀ। ਸੋਚਿਆ 'ਮਨਾਂ ਬਾਪੂ, ਬੇਬੇ ਤੇ ਤਾਈ ਨੇ ਆਖ਼ਰ ਮਰ ਜਾਣੈ ਨਾਲ ਹੀ ਇਹ ਗੀਤ ਵੀ ਮੁੱਕ ਜਾਣਗੇ। ਕਿਉਂ ਨਾ ਇਨ੍ਹਾਂ ਨੂੰ ਕਿਸੇ ਕਾਪੀ ਤੇ ਲਿਖ ਲਵਾਂ।' ਉਸ ਵੇਲੇ ਦੀ ਮਨ ਦੀ ਆਵਾਜ਼ ਨੇ ਕਾਪੀ ਤੇ ਕਲਮ ਨਾ਼ਲ ਸਾਂਝ ਬਣਾ ਦਿੱਤੀ। ਮਾਦਪੁਰੀ ਨੇ ਇੱਕ ਸਾਲ ਵਿਚ ਵੱਡੇ ਅਕਾਰ ਦੀ ਕਾਪੀ ਉੱਤੇ 1231 ਲੋਕ-ਗੀਤ ਉਤਾਰ ਲਏ। ਸਫ਼ਰ ਫਿਰ ਵੀ ਜਾਰੀ, ਅਗਲੀ ਕਾਪੀ ਸ਼ੁਰੂ ਹੋਈ, ਭਰ ਗਈ, ਸਫ਼ਰ ਫਿਰ ਵੀ ਜਾਰੀ।

ਉਹ ਕਹਿੰਦੇ ਇਹ ਗੌਣ ਸਦੀਆਂ ਪੁਰਾਣੇ ਪੰਜਾਬ ਦੇ ਸਮਾਜਿਕ ਇਤਿਹਾਸ ਦੀਆਂ ਬਾਤਾਂ ਪਾਉਂਦੇ ਨੇ। ਜਿਹੜੀ ਦੁੱਖਾਂ ਭਰੀ ਤੇ ਔੜਾਂ ਮਾਰੀ ਜ਼ਿੰਦਗੀ ਪੰਜਾਬ ਦੀ ਔਰਤ ਨੇ ਭੋਗੀ ਹੈ, ਇਹ ਉਸ ਦਾ ਇਤਿਹਾਸਕ ਦਸਤਾਵੇਜ਼ ਹਨ। ਆਪਣੀ ਵੇਦਨਾ ਨੂੰ ਬਿਆਨ ਕਰਦੇ ਇਨ੍ਹਾਂ ਗੀਤਾਂ ਨੂੰ ਔਰਤ ਨੇ ਖ਼ੁਦ ਸਿਰਜਿਆ ਹੈ। ਜਦੋਂ ਉਹ ਇਨ੍ਹਾਂ ਨੂੰ ਸੁਰ ਵਿਚ ਗਾਉਂਦੀਆਂ ਹਨ ਤਾਂ ਚਾਰੇ ਬੰਨੇ ਸਿਸਕੀਆਂ ਤੇ ਹਉਕੇ ਸੁਣਾਈ ਦਿੰਦੇ ਹਨ।

ਮਾਦਪੁਰੀ ਦਾ ਪਹਿਲਾ ਲੇਖ ਨਵੰਬਰ-ਦਸੰਬਰ 1954 ਦੇ 'ਪੰਜਾਬੀ ਦੁਨੀਆਂ' ਵਿਚ ਛਪਿਆ। ਪਿਆਰਾ ਸਿੰਘ ਪਦਮ ਦਾ ਪਹਿਲਾਂ ਥਾਪੜਾ ਕੰਧੇ 'ਤੇ ਆਣ ਟਿਕਿਆ। ਉਦੋਂ ਇਸ ਸਿਰੜੀ ਦੀ ਉਮਰ ਮਸਾਂ 20 ਸਾਲ ਦੀ ਸੀ। ਫਿਰ ਇਕ ਗੀਤ ਬਾਰੇ ਤਬਸਰਾ 'ਜਾਗ੍ਰਿਤੀ' ਵਿਚ ਛਪਿਆ। ਦੂਜਾ ਥਾਪੜਾ ਕੁਲਵੰਤ ਸਿੰਘ ਵਿਰਕ ਨੇ ਜਨਵਰੀ 1955 ਵਿਚ ਦਿੱਤਾ। ਇਹੋ ਜਿਹੇ ਥਾਪੜਿਆਂ ਦੀ ਹੱਲਾਸ਼ੇਰੀ ਸਦਕਾ ਤਾਂ ਮਾਦਪੁਰੀ ਫਿਰ ਬਸ ਵਗਦੇ ਪਾਣੀ ਵਾਂਗ ਅੱਗੇ ਹੀ ਅੱਗੇ ਵਧਦਾ ਲੋਕ ਧਾਰਾ ਦਾ ਆਪ ਇੱਕ ਵੱਡਾ ਦਰਿਆ ਹੋ ਨਿੱਬੜਿਆ।

ਮਾਦਪੁਰੀ ਨੇ ਪੰਜਾਬ ਦੀਆਂ ਲੋਕ ਕਹਾਣੀਆਂ, ਲੋਕ ਬੁਝਾਰਤਾਂ, ਅਖੌਤਾਂ ਅਤੇ ਲੋਕ ਬੋਲੀਆਂ ਨੂੰ ਪਿੰਡ-ਪਿੰਡ ਜਾ ਕੇ ਇਕੱਤਰ ਕੀਤਾ। ਗਾਉਂਦਾ ਪੰਜਾਬ, ਫੁੱਲਾਂ ਭਰੀ ਚੰਗੇਰ-1979,ਖੰਡ ਮਿਸ਼ਰੀ ਦੀਆਂ ਡਲੀਆਂ-2003, ਲੋਕ ਗੀਤਾਂ ਦੀ ਸਮਾਜਿਕ ਵਿਆਖਿਆ-2003, ਨੈਂਣੀ ਨੀਂਦ ਨਾ ਆਵੇ-2004,ਕਿੱਕਲੀ ਕਲੀਰ ਦੀ, ਸ਼ਾਵਾ ਨੀ ਬੰਬੀਹਾ ਬੋਲੇ, ਬੋਲੀਆਂ ਦਾ ਪਾਵਾਂ ਬੰਗਲਾ, ਕੱਲਰ ਦੀਵਾ ਮੱਚਦਾ, ਬੁਝਾਰਤਾਂ,ਜ਼ਰੀ ਦਾ ਟੋਟਾ-1957,ਪਰਾਇਆ ਧਨ (ਨਾਟਕ),ਗਾਉਂਦਾ ਪੰਜਾਬ (ਮਾਲਵੇ ਦੇ ਲੋਕ-ਗੀਤ),ਪੰਜਾਬ ਦੀਆਂ ਵਿਰਾਸਤੀ ਖੇਡਾਂ,ਕਿੱਕਲੀ ਕਲੀਰ ਦੀ,ਫੁੱਲਾਂ ਭਰੀ ਚੰਗੇਰ,ਪੰਜਾਬ ਦੇ ਲੋਕ ਨਾਇਕ,ਪੰਜਾਬ ਦੀਆਂ ਲੋਕ ਖੇਡਾਂ,ਬਾਤਾਂ ਦੇਸ ਪੰਜਾਬ ਦੀਆਂ,ਨੈਣਾ ਦੇ ਵਣਜਾਰੇ-1962,ਮਹਿਕ ਪੰਜਾਬ ਦੀ: ਪੰਜਾਬ ਦੇ ਜੱਟਾਂ ਦੀ ਲੋਕਧਾਰਾ,ਖੰਡ ਮਿਸ਼ਰੀ ਦੀਆਂ ਡਲੀਆਂ-2003,ਲੋਕ ਗੀਤਾਂ ਦੀਆਂ ਕੂਲ੍ਹਾਂ: ਸ਼ਗਨਾਂ ਦੇ ਗੀਤ, ਲੋਕ ਦੋਹੇ ਤੇ ਮਾਹੀਆ, ਪੰਜਾਬੀ ਸਭਿਆਚਾਰ ਦੀ ਆਰਸੀ(ਸੋਮੇ ਤੇ ਪਰੰਪਰਾ)-2006 ਆਦਿ ਢੇਰ ਸਾਰੀਆਂ ਕਿਤਾਬਾਂ ਪੰਜਾਬੀ ਸਾਹਿਤ ਤੇ ਲੋਕਧਾਰਾ ਦੀ ਝੋਲੀ ਪਾਈਆਂ। ਬਾਲ ਸਾਹਿਤ ਵਿੱਚ ਜਾਦੂ ਦਾ ਸ਼ੀਸ਼ਾ-1962, ਕੇਸੂ ਦੇ ਫੁੱਲ-1962, ਸੋਨੇ ਦਾ ਬੱਕਰਾ-1962 ਦੇ ਨਾਂ ਜ਼ਿਕਰਯੋਗ ਹਨ।

ਭਾਸ਼ਾ ਵਿਭਾਗ ਪੰਜਾਬ ਵੱਲੋਂ ਉਨ੍ਹਾਂ ਨੂੰ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਤੇ ਸਾਹਿਤ ਅਕਾਦਮੀ ਦਿੱਲੀ ਨੇ ਵੀ ਉਸ ਨੂੰ ਵੱਕਾਰੀ ਐਵਾਰਡ ਸਾਹਿਤ ਅਕਾਦਮੀ ਪੁਰਸਕਾਰ 2015 ਦੇ ਕੇ ਮਾਣ ਦਿੱਤਾ। 26 ਅਪਰੈਲ 2020 ਦਾ ਦਿਨ ਪੰਜਾਬੀ ਸਾਹਿਤ ਦੀ ਦੁਨੀਆਂ ਵਿੱਚ ਸੁਖਦੇਵ ਮਾਦਪੁਰੀ ਦਾ ਸਰੀਰਕ ਤੌਰ ਤੇ ਆਖਰੀ ਦਿਨ ਸੀ। ਉਸ ਦੀ ਰੂਹ ਪਰਮਾਤਮਾ ਦੇ ਹੁਕਮ ਅਨੁਸਾਰ ਆਪਣੇ ਹਿੱਸੇ ਦੇ ਕਾਰਜ ਨਿਭਾ ਕੇ ਵਾਪਸ ਚਲੀ ਗਈ। ਸੁਖਦੇਵ ਮਾਦਪੁਰੀ ਦਾ ਨਾਂ ਲੋਕਧਾਰਾ ਦੀ ਇੱਕ ਸੰਸਥਾ ਵਜੋਂ ਪੰਜਾਬੀ ਸਾਹਿਤ ਵਿੱਚ ਹਮੇਸ਼ਾ ਜਿਉਂਦਾ ਰਹੇਗਾ।

*-ਸ: ਸੁਖਚੈਨ ਸਿੰਘ ਕੁਰੜ*
*(ਪੰਜਾਬੀ ਅਧਿਆਪਕ ਤੇ ਭਾਸ਼ਾ ਮੰਚ ਸਰਪ੍ਰਸਤ)*
*ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਨਾ ਸਿੰਘ ਵਾਲਾ*
*(ਫ਼ਿਰੋਜ਼ਪੁਰ)*




## ਵਿਜੀਲੈਂਸ ਬਿਊਰੋ ਵੱਲੋਂ ਇੰਤਕਾਲ ਸਬੰਧੀ ਫ਼ਰਜ਼ੀ ਦਸਤਾਵੇਜ਼ ਤਿਆਰ ਕਰਨ ਦੇ ਦੋਸ਼ ਹੇਠ ਪਟਵਾਰੀ ਕਾਬੂ




ਚੰਡੀਗੜ੍ਹ, 15 ਜੂਨ (ਪੋਸਟ ਬਿਊਰੋ): ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਸਾਲ 2016 ਵਿੱਚ 2500 ਰੁਪਏ ਰਿਸ਼ਵਤ ਲੈਣ ਅਤੇ ਇੰਤਕਾਲ ਦੀ ਜਮ੍ਹਾਂਬੰਦੀ ਸਬੰਧੀ ਫਰਜ਼ੀ ਦਸਤਾਵੇਜ਼ ਤਿਆਰ ਕਰਨ ਦੇ ਦੋਸ਼ ਹੇਠ ਸੇਵਾਮੁਕਤ ਪਟਵਾਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਕਤ ਪਟਵਾਰੀ ਦੀ ਪਛਾਣ ਇਕਬਾਲ ਸਿੰਘ ਵਜੋਂ ਹੋਈ ਹੈ, ਜੋ ਫਾਜ਼ਲਿਕਾ ਜ਼ਲ੍ਹਿੇ ਦੇ ਮਾਲ ਹਲਕਾ ਸਿਟੀ ਜਲਾਲਾਬਾਦ ਜ਼ਲ੍ਹਿਾ ਫਾਜ਼ਲਿਕਾ ਵਿਖੇ ਤਾਇਨਾਤ ਸੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਇਕ ਬੁਲਾਰੇ ਨੇ ਦੱਸਿਆ ਕਿ ਸੇਵਾਮੁਕਤ ਪਟਵਾਰੀ ਇਕਬਾਲ ਸਿੰਘ ਨੂੰ ਰਾਜੇਸ਼ ਕੁਮਾਰ ਵਾਸੀ ਪੰਜੇ ਕੇ ਉਤਾੜ ਜ਼ਲ੍ਹਿਾ ਫਿਰੋਜ਼ਪੁਰ ਦੀ ਸ਼ਕਿਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਸ਼ਕਿਾਇਤਕਰਤਾ ਰਾਜੇਸ਼ ਕੁਮਾਰ ਨੇ ਥਾਣਾ ਵਿਜੀਲੈਂਸ ਬਿਊਰੋ, ਫਿਰੋਜ਼ਪੁਰ ਰੇਂਜ ਵਿੱਚ ਸ਼ਕਿਾਇਤ ਦਰਜ ਕਰਵਾਈ ਸੀ ਕਿ ਪਟਵਾਰੀ ਇਕਬਾਲ ਸਿੰਘ ਨੇ 4 ਮਰਲੇ ਦੇ ਪਲਾਟ, ਜਿਸ ਦੀ ਉਸ (ਸ਼ਕਿਾਇਤਕਰਤਾ) ਨੇ ਆਪਣੀ ਮਾਤਾ ਕ੍ਰਿਪਾ ਰਾਣੀ ਪਾਸੋਂ ਟਰਾਂਸਫਰ ਡੀਡ ਰਾਹੀਂ ਰਜਿਸਟਰੀ ਕਰਵਾਈ ਸੀ, ਦਾ ਇੰਤਕਾਲ ਦਰਜ ਕਰਵਾਉਣ ਬਦਲੇ 2500 ਰੁਪਏ ਰਿਸ਼ਵਤ ਲਈ ਸੀ। ਜਦੋਂ ਸ਼ਕਿਾਇਤਕਰਤਾ ਨੇ ਉਕਤ ਪਲਾਟ 'ਤੇ ਇਕ ਬੈਂਕ ਤੋਂ ਕਰਜ਼ਾ ਲੈਣ ਲਈ ਜਮ੍ਹਾਂਬੰਦੀ ਦੀ ਕਾਪੀ ਦਿੱਤੀ ਤਾਂ ਉਸ ਨੂੰ ਬੈਂਕ ਅਧਿਕਾਰੀਆਂ ਤੋਂ ਪਤਾ ਲੱਗਾ ਕਿ ਪਲਾਟ ਦੇ ਦਸਤਾਵੇਜ਼ ਜਾਅਲੀ ਹਨ। ਬੁਲਾਰੇ ਨੇ ਦੱਸਿਆ ਕਿ ਇਸ ਸ਼ਕਿ-ਾਇਤ ਦੀ ਮੁਢਲੀ ਜਾਂਚ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਇਹ ਦਸਤਾਵੇਜ਼ ਮੋਹਾਲੀ ਸਥਿਤ ਫੋਰੈਂਸਿਕ ਸਾਇੰਸ ਲੈਬਾਰਟਰੀ ਵਿਖੇ ਪੜਤਾਲ ਲਈ ਭੇਜੇ ਤਾਂ ਪਤਾ ਲੱਗਾ ਕਿ ਉਕਤ ਪਟਵਾਰੀ ਨੇ ਸ਼ਕਿਾਇਤਕਰਤਾ ਰਾਜੇਸ਼ ਕੁਮਾਰ ਨੂੰ ਜਾਅਲੀ 'ਨਕਲ ਦਸਤਾਵੇਜ਼' ਜਾਰੀ ਕੀਤੇ ਸਨ।

ਇਸ ਸਬੰਧੀ ਉਕਤ ਪਟਵਾਰੀ ਖ਼ਿਲਾਫ਼ ਥਾਣਾ ਵਿਜੀਲੈਂਸ, ਫਿਰੋਜ਼ਪੁਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਮੁੱਖ ਮੰਤਰੀ ਵੱਲੋਂ ਮੋਹਾਲੀ ਨੂੰ ਸਮਾਰਟ ਸਿਟੀ ਪ੍ਰਾਜੈਕਟ ਵਿੱਚ ਸ਼ਾਮਿਲ ਕਰਨ ਦੀ ਮੰਗ

### *ਕੇਂਦਰੀ ਮੰਤਰੀ ਹਰਦੀਪ ਪੁਰੀ ਨਾਲ ਕੀਤੀ ਮੁਲਾਕਾਤ * ਕਿਹਾ, ਸਮਾਰਟ ਸਿਟੀ ਪ੍ਰੋਜੈਕਟ ਮੋਹਾਲੀ ਦੇ ਸਰਵਪੱਖੀ ਵਿਕਾਸ ਲਈ ਮਹੱਤਵਪੂਰਨ

ਚੰਡੀਗੜ੍ਹ, 15 ਜੂਨ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਮਕਾਨ ਉਸਾਰੀ ਅਤੇ ਵਿਕਾਸ ਬਾਰੇ ਕੇਂਦਰੀ ਮੰਤਰੀ ਹਰਦੀਪ ਪੁਰੀ ਨੂੰ ਮਿਲ ਕੇ ਸਮਾਰਟ ਸਿਟੀ ਪ੍ਰਾਜੈਕਟ ਵਿੱਚ ਐਸ.ਏ.ਐਸ ਨਗਰ (ਮੋਹਾਲੀ) ਨੂੰ ਸ਼ਾਮਲ ਕਰਨ ਵਾਸਤੇ ਜ਼ੋਰ ਪਾਇਆ ਤਾਂ ਜੋ ਸ਼ਹਿਰ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕੇ।

ਮੁੱਖ ਮੰਤਰੀ ਨੇ ਅੱਜ ਇੱਥੇ ਹਰਦੀਪ ਪੁਰੀ ਨਾਲ ਉਨ੍ਹਾਂ ਦੇ ਦਫ਼ਤਰ ਵਿਖੇ ਮੁਲਾਕਾਤ ਕੀਤੀ ਅਤੇ ਮੋਹਾਲੀ ਨੂੰ ਸਮਾਰਟ ਸਿਟੀ ਵਜੋਂ ਵਿਕਸਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕੇਂਦਰੀ ਮੰਤਰੀ ਨੂੰ ਜਾਣੂ ਕਰਵਾਇਆ ਕਿ ਚੰਡੀਗੜ੍ਹ, ਮੋਹਾਲੀ ਅਤੇ ਪੰਚਕੂਲਾ ਟ੍ਰਾਈ ਸਿਟੀ ਦਾ ਹਿੱਸਾ ਹੋਣ ਕਰਕੇ ਮੋਹਾਲੀ ਸ਼ਹਿਰ ਵਿਸ਼ੇਸ਼ ਮਹੱਤਵ ਰੱਖਦਾ ਹੈ। ਭਗਵੰਤ ਮਾਨ ਨੇ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਦੇ ਜ਼ਿਆਦਾਤਰ ਵਿਭਾਗਾਂ ਦੇ ਮੁੱਖ ਦਫ਼ਤਰ ਵੀ ਇਸੇ ਸ਼ਹਿਰ ਵਿੱਚ ਹਨ, ਜਿਸ ਕਾਰਨ ਇਸ ਦੇ ਵਿਕਾਸ ਨੂੰ ਹੋਰ ਹੁਲ-ਾਰਾ ਦੇਣਾ ਲਾਜ਼ਮੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਸ਼ਹਿਰ ਨੂੰ ਸਮਾਰਟ ਸਿਟੀ ਪ੍ਰਾਜੈਕਟ ਵਿੱਚ ਸ਼ਾਮਲ ਕਰਨਾ ਸਮੇਂ ਦੀ ਲੋੜ ਹੈ ਤਾਂ ਜੋ ਇਸ ਦੇ ਸਰਬਪੱਖੀ ਅਤੇ



ਯੋਜਨਾਬੱਧ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਮੋਹਾਲੀ ਅਤੇ ਇਸ ਦੇ ਨਾਲ ਲਗਦੀਆਂ ਮਿਉਂਸਪਲ ਕਮੇਟੀਆਂ ਜਿਵੇਂ ਜ਼ੀਰਕਪੁਰ, ਖਰੜ, ਡੇਰਾਬੱਸੀ ਅਤੇ ਕੁਰਾਲੀ ਵਿੱਚ ਕੌਮਾਂਤਰੀ ਹਵਾਈ ਅੱਡੇ/ਵਿਦਿਅਕ ਸੰਸਥਾਵਾਂ/ਟਾਊਨਸ਼ਿਪਾਂ ਅਤੇ ਉਦਯੋਗਾਂ ਦੀ ਸਥਾਪਨਾ ਦੇ ਰੂਪ ਵਿੱਚ ਵੱਡੇ ਪੱਧਰ 'ਤੇ ਵਿਕਾਸ ਹੋਇਆ ਹੈ। ਭਗਵੰਤ ਮਾਨ ਨੇ ਕਿਹਾ ਕਿ ਖੇਤਰ ਨੂੰ ਯੋਜਨਾਬੱਧ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਵਿਸ਼ੇਸ਼ ਫੰਡਾਂ ਦੀ ਲੋੜ ਹੈ।

ਹੋਰ ਮੁੱਦਾ ਉਠਾਉਂਦਿਆਂ ਮੁੱਖ ਮੰਤਰੀ ਨੇ ਪਹਿਲਾਂ ਵਾਂਗ ਅਮਰੁਤ 1 ਦੀ ਤਰ੍ਹਾਂ ਹੀ ਅਮਰੁਤ 2.0 ਤਹਿਤ ਵੀ ਫੰਡਾਂ ਦੇ ਉਸੇ ਅਨੁਪਾਤ ਨੂੰ ਬਹਾਲ ਕਰਨ ਦੀ ਬੇਨਤੀ ਕੀਤੀ । ਉਨ੍ਹਾਂ ਕਿਹਾ ਕਿ ਅਮਰੁਤ 1.0 ਤਹਿਤ ਇਕ ਲੱਖ ਤੋਂ 10 ਲੱਖ ਆਬਾਦੀ ਦੀ ਸ਼੍ਰੇਣੀ ਵਾਲੇ ਕਸਬਿਆਂ ਲਈ ਕੇਂਦਰ ਅਤੇ ਰਾਜ ਦਾ ਹਿੱਸਾ 50:50 ਸੀ ਜਦੋਂ ਕਿ ਅਮਰੁਤ 2.0 ਤਹਿਤ, ਆਬਾਦੀ ਦੀ ਇਸੇ ਸ਼੍ਰੇਣੀ ਵਾਲੇ ਕਸਬਿਆਂ ਲਈ ਕੇਂਦਰ ਅਤੇ ਰਾਜ ਦਾ ਹਿੱਸਾ ਬਦਲ ਕੇ 33:67 ਕਰ ਦਿੱਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਲੁਧਿਆਣਾ ਅਤੇ ਅੰਮ੍ਰਿਤਸਰ ਵਰਗੇ 10 ਲੱਖ ਤੋਂ ਵੱਧ ਆਬਾਦੀ ਵਾਲੇ ਸ਼ਹਿਰਾਂ ਲਈ ਇਹ ਅਨੁਪਾਤ 33:67 (ਕੇਂਦਰ ਅਤੇ ਰਾਜ ਦਾ ਹਿੱਸਾ) ਸੀ ਅਤੇ ਅਮਰੁਤ 2.0 ਤਹਿਤ, ਇਹ ਅਨੁਪਾਤ ਹੁਣ 75:25 ਹੈ। ਭਗਵੰਤ ਮਾਨ ਨੇ ਕਿਹਾ ਕਿ ਇਹ ਸ਼ਹਿਰ ਬਹੁਤ ਤੇਜ਼ੀ ਨਾਲ ਫੈਲ ਰਹੇ ਹਨ, ਇਸ ਲਈ ਇਨ੍ਹਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਦੀ ਲਗਾਤਾਰ ਲੋੜ ਹੈ, ਜਿਸ ਲਈ ਪੁਰਾਣਾ ਅਨੁਪਾਤ ਹੀ ਬਹਾਲ ਕੀਤਾ ਜਾਣਾ ਚਾਹੀਦਾ ਹੈ।

## ਪੰਜਾਬ ਨੇ ਮੇਰੇ ਉਤੇ ਜਿਸ ਤਰ੍ਹਾਂ ਪਿਆਰ ਵਰਸਾਇਆ, ਉਸ ਤੋਂ ਸੁਖਬੀਰ ਨਿਰਾਸ਼ ਹੈ : ਭਗਵੰਤ ਮਾਨ

ਚੰਡੀਗੜ੍ਹ, 15 ਜੂਨ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਉਨ੍ਹਾਂ ਵਿਰੁੱਧ ਕੀਤੀ ਗੈਰ-ਸੰਸਦੀ ਟਿੱਪਣੀ ਦਾ ਸਖ਼ਤ ਨੋਟਿਸ ਲੈਂਦਿਆਂ ਕਿਹਾ ਕਿ ਉਨ੍ਹਾਂ ਲਈ ਵਧ ਰਹੇ ਜਨਤਕ ਸਮਰਥਨ ਤੋਂ ਦੁਖੀ ਹੋ ਕੇ ਅਕਾਲੀ ਦਲ ਦੇ ਮੁਖੀ ਆਪਣਾ ਮਾਨਸਿਕ ਸੰਤੁਲਨ ਗੁਆ ਚੁੱਕੇ ਹਨ। ਇੱਥੇ ਜਾਰੀ ਬਿਆਨ ਵਿੱਚ ਮੁੱਖ ਮੰਤਰੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਇਨ੍ਹਾਂ ਨਕਾਰੇ ਹੋਏ ਆਗੂਆਂ, ਜਿਨ੍ਹਾਂ ਨੂੰ ਲੋਕਾਂ ਵੱਲੋਂ ਲਾਂਭੇ ਕੀਤਾ ਜਾ ਚੁੱਕਾ ਹੈ, ਨੂੰ ਕੁਝ ਵੀ ਕਹਿਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੇ ਪੰਜਾਬ ਨੂੰ ਆਪਣੀ ਜਾਗੀਰ ਸਮਝ ਕੇ ਸੂਬੇ ਨੂੰ ਬੇਰਹਿਮੀ ਨਾਲ ਲੁੱਟਿਆ। ਭਗਵੰਤ ਮਾਨ ਨੇ ਕਿਹਾ ਕਿ ਇਸ ਤੋਂ ਨਾਰਾਜ਼ ਹੋ ਕੇ ਸੂਬੇ ਦੇ ਸੂਝਵਾਨ ਲੋਕਾਂ ਨੇ ਇਨ੍ਹਾਂ ਆਗੂਆਂ ਨੂੰ ਬੁਰੀ ਤਰ੍ਹਾਂ ਹਰਾ ਕੇ ਆਪਣੀ ਸਰਕਾਰ ਚੁਣੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹੁਣ ਇਨ੍ਹਾਂ ਆਗੂਆਂ ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ ਕਿ ਆਮ ਆਦਮੀ ਦੀ ਸਰਕਾਰ ਸੂਬੇ ਅਤੇ ਇਸ ਦੇ ਲੋਕਾਂ ਦੀ ਸੇਵਾ ਲਈ ਅਣਥੱਕ ਮਿਹਨਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਨਿਰਾਸ਼ ਹੋ ਕੇ ਇਨ੍ਹਾਂ ਆਗੂਆਂ ਨੇ ਅਜਿਹੀ ਭੱਦੀ ਭਾਸ਼ਾ ਦੀ ਵਰਤੋਂ ਕਰਕੇ ਨੈਤਿਕਤਾ ਦਾ ਪੱਲਾ ਛੱਡ ਕੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਹਨ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਸੂਬੇ ਦੀ ਜਨਤਾ ਸਬਕ ਸਿਖਾ ਕੇ ਇਨ੍ਹਾਂ ਨੂੰ ਉਨ੍ਹਾਂ ਦੀ ਜ਼ੁਬਾਨ ਵਿੱਚ ਜਵਾਬ ਦੇਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਠੀਕ ਹੈ ਕਿ ਉਹ ਪਾਗਲ ਹਨ ਪਰ ਘੱਟੋ-ਘੱਟ ਉਹ ਜਨਤਕ ਦੌਲਤ ਨੂੰ ਨਹੀਂ ਲੁੱਟ ਰਹੇ, ਜਿਵੇਂ ਕਿ ਸੁਖਬੀਰ ਅਤੇ ਉਸ ਦੀ ਜੁੰਡਲੀ ਨੇ ਆਪਣੇ ਦੌਰ ਦੌਰਾਨ ਕੀਤਾ ਸੀ। ਉਨ੍ਹਾਂ ਕਿਹਾ ਕਿ ਇਹ ਲੋਕ ਜਨ-ਜੀਵਨ ਵਿੱਚ ਬਹੁਤ ਨੀਵੇਂ ਡਿੱਗਦੇ ਜਾ ਰਹੇ ਹਨ ਪਰ ਆਉਣ ਵਾਲੇ ਸਮੇਂ ਵਿੱਚ ਲੋਕ ਇਨ੍ਹਾਂ ਨੂੰ ਮੂੰਹ ਤੋੜਵਾਂ ਜਵਾਬ ਜ਼ਰੂਰ ਦੇਣਗੇ।

## ਆਪ ਦੀ ਵਧਦੀ ਲੋਕਪ੍ਰਿਯਤਾ ਵੇਖ ਵਿਰੋਧੀਆ ਦੇ ਸਾਹ ਸੁੱਕੇ : ਪ੍ਰਿੰਸੀਪਲ ਬੁੱਧ ਰਾਮ

ਪਟਿਆਲਾ, 15 ਜੂਨ (ਪੋਸਟ ਬਿਊਰੋ): ਮਾਨਸਾ ਦੇ ਵਿਧਾਨ ਸਭਾ ਹਲਕਾ ਬੁਢਲਾਡਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਪ੍ਰਿੰਸੀਪਲ ਬੁੱਧਰਾਮ ਨੂੰ ਪੰਜਾਬ ਸਰਕਾਰ ਨੇ ਸੂਬੇ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਸੀ, ਜਿਸ ਤੋਂ ਬਾਅਦ ਉਹ ਪਹਿਲੀ ਵਾਰ ਪਟਿਆਲਾ ਪੁੱਜੇ। ਇਸ ਦੋਰਾਨ ਉਨਾਂ ਦਾ ਪਟਿਆਲਾ ਪੁੱਜਣ ਤੇ ਪਾਰਟੀ ਦੇ ਸੀਨੀਅਰ ਆਗੂ ਕੁੰਦਨ ਗੋਗੀਆ ਨੇ ਬੁੱਕਾ ਦੇ ਸਵਾਗਤ ਕੀਤਾ ਅਤੇ ਮੁਬਾਰਕਬਾਦ ਦਿੱਤੀ। ਇਸ ਦੋਰਾਨ ਉਨਾਂ ਦੇ ਨਾਲ ਬਲਾਕ ਪ੍ਰਧਾਨ ਰਾਜਿੰਦਰ ਮੋਹਨ, ਗੋਪਾਲ ਕਰਿਸਨ ਗਰਗ,

ਦਰਸਨ ਸਿੰਘ ਧੀਮਾਨ, ਲਲਿਤ ਚੰਦ ਅਤੇ ਰਜਤ ਜਿੰਦਲ ਵੀ ਮੋਜੂਦ ਸਨ। ਇਸ ਦੋਰਾਨ ਪੰਜਾਬ ਪ੍ਰਧਾਨ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ




ਸਿੰਘ ਮਾਨ ਵੱਲੋਂ ਕੀਤੇ ਜਾ ਰਹੇ ਲੋਕ ਹਿੱਤ ਦੇ ਕੰਮਾ ਕਰਕੇ ਆਮ ਆਦਮੀ ਪਾਰਟੀ ਦੀ ਲੋਕ ਪ੍ਰਿਯਤਾ ਵਧ ਰਹੀ ਹੈ। ਇਸ ਲੋਕਪ੍ਰਿਯਤਾ ਅੱਗੇ ਵਿਰੋਧੀ ਪਾਰਟੀਆਂ ਨੂੰ ਕੋਈ ਮੁੱਦਾ ਨਹੀਂ ਮਿਲ ਰਿਹਾ ਅਤੇ ਸਿਰਫ ਫਾਲਤੂ ਦੀਆਂ ਗੱਲਾ ਕਰਕੇ ਸਮਾ ਲੰਘਾ ਰਹੇ ਹਨ। ਉਨਾ ਕਿਹਾਕਿ ਵਿਰੋਧੀ ਪਾਰਟੀਆਂ ਦੇ ਲੀਡਰਾ ਕੋਲ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਹੁੰਦਾ ਅਤੇ ਆਪ ਪਾਰਟੀ ਨੂੰ ਭੰਡਣ ਲਈ ਹੀ ਤਤਪਰ ਰਹਿੰਦੇ ਹਨ।

## ਭਾਜਪਾ ਦੇ ਕੌਮੀ ਪ੍ਰਧਾਨ ਜੇ.ਪੀ. ਨੱਡਾ ਨੇ ਕੈਪਟਨ ਅਮਰਿੰਦਰ ਸਿੰਘ ਨਾਲ ਕੀਤੀ ਮੁਲਾਕਾਤ

ਚੰਡੀਗੜ੍ਹ, 15 ਜੂਨ (ਪੋਸਟ ਬਿਊਰੋ): ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਡਾ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕੀਤੀ . ਇਸਦੇ ਨਾਲ ਹੀ ਭਾਜਪਾ ਸਰਕਾਰ ਦੇ 9 ਸਾਲ ਪੂਰੇ ਹੋਣ 'ਤੇ ਜਨ ਸੰਪਰਕ ਮੁਹਿੰਮ ਦੇ ਹਿੱਸੇ ਵਜੋਂ ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਡਾ ਅੱਜ ਚੰਡੀਗੜ੍ਹ 'ਚ ਮੌਜੂਦ ਰਹਿਣਗੇ । ਸਭ ਤੋਂ ਪਹਿਲਾਂ ਉਹ ਚੰਡੀਗੜ੍ਹ ਦੇ ਅੰਤਰਰਾਸ਼ਟਰੀ



ਨਿਸ਼ਾਨੇਬਾਜ਼, ਓਲੰਪੀਅਨ ਅਤੇ ਅਰਜੁਨ ਐਵਾਰਡੀ ਅੰਜੁਮ ਮੌਦਗਿਲ ਦੇ ਪਰਿਵਾਰ ਨੂੰ ਉਨ੍ਹਾਂ ਦੀ ਸੈਕਟਰ-37 ਸਥਿਤ ਰਿਹਾਇਸ਼ 'ਤੇ ਮਿਲਣਗੇ।ਜੇਪੀ ਨੱਡਾ ਸ਼ਹਿਰ ਦੇ ਪਹਿਲੀ ਪੀੜ੍ਹੀ ਦੇ ਉੱਦਮੀ, ਪਰਉਪਕਾਰੀ ਡਾ: ਸੰਜੀਵ ਜੁਨੇਜਾ ਦੇ ਸੈਕਟਰ-9 ਸਥਿਤ ਰਿਹਾਇਸ਼ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਸ਼ੁਰੂ ਕੀਤੇ ਸਟਾਰਟਅੱਪ ਸੱਭਿਆਚਾਰ ਬਾਰੇ ਵੀ ਵਿਸਥਾਰ ਨਾਲ ਚਰਚਾ ਕਰਨਗੇ।


## NEEDED FULL-TIME CONSTRUCTION WORKER

*(Required Canadian Citizen or Permanent Resident)*

**Decon Construction Inc. is a small business in Brampton, ON L6X 2M1. We are professional, fast-paced, and demanding.** We are looking for a Construction Worker to join our team and assist in the completion of various construction projects. The ideal candidate for this position will have experience in the construction industry, be able to lift heavy objects, and have a strong work ethic. The successful candidate will be responsible for a variety of tasks, including demolition, digging trenches, mixing concrete, and cleaning up job sites.

**Responsibilities:**
- Load, unload and transport construction materials
- Operate mobile and tower cranes to lift, move, position or place equipment and materials
- Clean and lubricate cranes
- Erect and dismantle concrete forms, scaffolding, ramps, catwalks shoring and barricades
- Operate pile driving cranes to drive pilings into earth to provide support for buildings and other structures
- Mix, pour and spread materials
- Operate cranes equipped with dredging attachments to dredge waterways and other areas
- Assemble tower cranes on site
- Assist heavy equipment operators
- Operate gantry cranes to load and unload ship cargo at port side
- Assist in drilling and blasting rock on construction sites
- Assist in framing houses, erecting walls and building roofs
- Level earth to fine grade specifications
- Assist in demolishing buildings
- Perform pre-operational inspection, and calculate crane capacities and weight to prepare for rigging and hoisting
- Perform routine maintenance work
- Clean up chemical spills and other contaminants
- Remove rubble and other debris at construction sites
- Tend or feed machines or equipment used in construction
- Direct traffic at or near construction sites
- Read and interpret blueprints

**Additional Information**
Work conditions and physical capabilities
- Fast-paced environment
- Work under pressure
- Physically demanding
- Handling heavy loads
- Hand-eye co-ordination

**Personal suitability**
- Dependability
- Flexibility
- Reliability
- Team player

**Experience**
Experience an asset
Work site environment
- Outdoors
- At heights
- Noisy

**Job Type: Full-time**
**Salary: $27.00 per hour**

**Benefits:**
- Paid time off

**Flexible Language Requirement:**
- French not required

**Language:**
- English (preferred)

**Schedule:**
- Monday to Friday

**Supplemental pay types:**
- Overtime pay

**Ability to commute/relocate:**
- Brampton, ON L6X 2M1: reliably commute or plan to relocate before starting work (required)

**Experience:**
- construction (preferred)

**Shift availability:**
- Day Shift (preferred)

**Work Location:** In person

**Submit Resume:**
**naeem@decongroup.ca**



## ਮੋਦੀ-ਬਿਡੇਨ ਮੀਟਿੰਗ ’ਚ ਹੋ ਸਕਦਾ ਹੈ ਪ੍ਰੀਡੇਟਰ ਡਰੋਨ ਸੌਦੇ ਦਾ ਐਲਾਨ

ਨਵੀਂ ਦਿੱਲੀ, 15 ਜੂਨ (ਪੋਸਟ ਬਿਊਰੋ): Predator MQ-9B ਸੀ ਗਾਰਡੀਅਨ ਡਰੋਨ ਸੌਦੇ ਦਾ ਐਲਾਨ ਅਗਲੇ ਹਫਤੇ ਅਮਰੀਕਾ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਦੀ ਮੁਲਾਕਾਤ ਦੌਰਾਨ ਹੋ ਸਕਦਾ ਹੈ। ਪੀਐਮ ਮੋਦੀ 21 ਤੋਂ 24 ਜੂਨ ਤੱਕ ਅਮਰੀਕਾ ਦੇ ਦੌਰੇ 'ਤੇ ਹੋਣਗੇ। ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਵਾਈਟ ਹਾਊਸ 'ਚ ਉਨ੍ਹਾਂ ਦੀ ਮੇਜ਼ਬਾਨੀ ਕਰਨਗੇ। ਪ੍ਰਧਾਨ ਮੰਤਰੀ ਵਜੋਂ ਆਪਣੇ ਨੌਂ ਸਾਲਾਂ ਦੇ ਸ਼ਾਸਨਕਾਲ ਵਿਚ ਪੀਐਮ ਮੋਦੀ ਦੀ ਇਹ ਪਹਿਲੀ ਰਾਜ ਯਾਤਰਾ ਹੈ। ਆਪਣੇ ਦੌਰੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੂਜੀ ਵਾਰ ਅਮਰੀਕੀ ਕਾਂਗਰਸ ਦੀ ਸਾਂਝੀ ਬੈਠਕ ਨੂੰ ਸੰਬੋਧਨ ਕਰਨ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਵੀ ਬਣ ਜਾਣਗੇ।



ਅਮਰੀਕੀ ਰਾਸ਼ਟਰਪਤੀ ਪਹਿਲਾਂ ਹੀ ਚੀਨ ਦੀ ਚੁਣੌਤੀ ਨਾਲ ਨਜਿੱਠਣ ਲਈ ਭਾਰਤ ਨੂੰ ਸਮਰਥਨ ਦੇਣ ਦਾ ਵਾਅਦਾ ਕਰ ਚੁੱਕੇ ਹਨ। ਅਮਰੀਕੀ ਸਰਕਾਰ ਨੇ ਦੋ ਸਾਲ ਪਹਿਲਾਂ ਭਾਰਤ ਨੂੰ 30 ਪ੍ਰੀਡੇਟਰ ਡਰੋਨਾਂ ਦੀ ਵਿਕਰੀ ਨੂੰ ਮਨਜ਼ੂਰੀ ਦਿੱਤੀ ਸੀ। ਇਹ ਫੈਸਲਾ ਭਾਰਤੀ ਰੱਖਿਆ ਮੰਤਰਾਲੇ ਵੱਲੋਂ ਲਿਆ ਜਾਣਾ ਸੀ।

## ਗੁਜਰਾਤ ’ਚ ਦਿਸਿਆ ਬਿਪਰਜੋਏ ਦਾ ਅਸਰ, ਜ਼ਮੀਨ ਖਿਸਕੀ, ਚੱਲੀਆਂ ਤੇਜ਼ ਹਵਾਵਾਂ, ਦੋ ਦੀ ਮੌਤ, 22 ਜ਼ਖਮੀ

ਅਹਿਮਦਾਬਾਦ, 15 ਜੂਨ (ਪੋਸਟ ਬਿਊਰੋ): ਚੱਕਰਵਾਤੀ ਤੂਫ਼ਾਨ ਬਿਪਰਜੋਏ ਦੇ ਗੁਜਰਾਤ ਤੱਟ ਨਾਲ ਟਕਰਾਉਣ ਤੋਂ ਬਾਅਦ ਤੱਟਵਰਤੀ ਜ਼ਿਲ੍ਹਿਆਂ ਵਿੱਚ ਤੇਜ਼ ਹਵਾਵਾਂ ਦੇ ਨਾਲ ਭਾਰੀ ਮੀਂਹ ਪਿਆ। ਕਈ ਥਾਵਾਂ 'ਤੇ ਦਰੱਖਤ ਅਤੇ ਖੰਭਿਆਂ ਦੇ ਡਿੱਗਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਇਸ ਦੇ ਨਾਲ ਹੀ ਭਾਵਨਗਰ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ ਹੈ। ਗੁਜਰਾਤ ਦੇ ਰਾਹਤ ਕਮਿਸ਼ਨਰ ਆਲੋਕ ਪਾਂਡੇ ਨੇ ਦੱਸਿਆ ਕਿ ਚੱਕਰਵਾਤੀ ਤੂਫਾਨ ਫਿਲਹਾਲ ਪਾਕਿਸਤਾਨ-ਕੱਛ ਸਰਹੱਦ ਦੇ ਨੇੜੇ ਹੈ। ਹਵਾ ਦੀ ਔਸਤ ਰਫ਼ਤਾਰ 78 ਕਿਲੋਮੀਟਰ ਪ੍ਰਤੀ ਘੰਟਾ ਹੈ। ਪਾਵਰ ਫੇਲ ਹੋਣ ਦੀ ਸੰਭਾਵਨਾ ਹੈ।



ਆਈਐਮਡੀ ਦੀ ਭਵਿੱਖਬਾਣੀ ਦੇ ਅਨੁਸਾਰ, ਤੂਫ਼ਾਨ ਸ਼ੁੱਕਰਵਾਰ ਨੂੰ ਦੱਖਣੀ ਰਾਜਸਥਾਨ ਪਹੁੰਚ ਜਾਵੇਗਾ। ਨੀਵੇਂ ਇਲਾਕਿਆਂ ਦੇ ਲੋਕਾਂ ਨੂੰ ਚੌਕਸ ਕਰ ਦਿੱਤਾ ਗਿਆ ਹੈ। ਅਚਾਨਕ ਹੜ੍ਹ ਆਉਣ ਦੀ ਸੰਭਾਵਨਾ ਹੈ। ਤੂਫਾਨ ਦੇ ਕੇਂਦਰ ਦੇ ਨੇੜੇ ਭਾਰੀ ਬਾਰਿਸ਼ ਦੇ ਨਾਲ ਪੂਰੇ ਗੁਜਰਾਤ ਵਿੱਚ ਚਾਲੂ ਅਤੇ ਬੰਦ ਮੀਂਹ ਦੀ ਸੰਭਾਵਨਾ ਹੈ।

ਕੱਛ ਜ਼ਿਲ੍ਹੇ ਦੇ ਮਾਂਡਵੀ ਵਿੱਚ ਤੂਫਾਨ ਦੇ ਪ੍ਰਭਾਵ ਕਾਰਨ ਕਈ ਇਲਾਕਿਆਂ ਵਿੱਚ ਦਰੱਖਤ ਉੱਖੜ ਗਏ ਅਤੇ ਕਈ ਇਲਾਕਿਆਂ ਵਿੱਚ ਬਿਜਲੀ ਗੁੱਲ ਹੋ ਗਈ। ਇਸ ਦੇ ਨਾਲ ਹੀ ਸਮੁੰਦਰ ਕਿਨਾਰੇ ਸਥਿਤ ਨੀਵੇਂ ਇਲਾਕਿਆਂ ਵਿੱਚ ਪਾਣੀ ਭਰਨ ਦੀ ਸੂਚਨਾ ਵੀ ਸਾਹਮਣੇ ਆਈ ਹੈ। ਮੰਡਵੀ ਸ਼ਹਿਰ ਵਿੱਚ ਬਿਜਲੀ ਪੂਰੀ ਤਰ੍ਹਾਂ ਠੱਪ ਰਹੀ। ਤੇਜ਼ ਹਵਾਵਾਂ ਕਾਰਨ ਜਾਖੌ-ਮੰਡਵੀ ਰੋਡ ਦੇ ਨਾਲ-ਨਾਲ ਮੰਡਵੀ ਕਸਬੇ ਵਿੱਚ ਵੀ ਕਈ ਦਰੱਖਤ ਉਖੜ ਗਏ। ਜ਼ਿਲ੍ਹਾ ਕੁਲੈਕਟਰ ਅਮਿਤ ਅਰੋੜਾ ਨੇ ਕਿਹਾ ਕਿ ਕੱਛ ਜ਼ਿਲ੍ਹੇ ਦੇ ਸਭ ਤੋਂ ਵੱਧ ਪ੍ਰਭਾਵਿਤ ਖੇਤਰ ਵਿੱਚ ਹੁਣ ਤੱਕ ਕਿਸੇ ਜਾਨੀ ਨੁਕਸਾਨ ਦੀ ਖ਼ਬਰ ਨਹੀਂ ਹੈ। ਉਨ੍ਹਾਂ ਕਿਹਾ ਕਿ ਹਵਾ ਦੀ ਰਫ਼ਤਾਰ ਬਹੁਤ ਜ਼ਿਆਦਾ ਹੈ। ਹੁਣ ਹਰ ਪਾਸੇ ਮੀਂਹ ਪੈ ਰਿਹਾ ਹੈ। ਪਰ ਸਥਿਤੀ ਕਾਬੂ ਹੇਠ ਹੈ।

### 50 ਕਿਲੋਮੀਟਰ 'ਚ ਫੈਲਿਆ ਹੈ ਚੱਕਰਵਾਤ ਦਾ ਕੇਂਦਰ, ਸਮੁੰਦਰ 'ਚ ਉੱਠੀਆਂ 7 ਮੀਟਰ ਉੱਚੀਆਂ ਲਹਿਰਾਂ

ਨਵੀਂ ਦਿੱਲੀ, 15 ਜੂਨ (ਪੋਸਟ ਬਿਊਰੋ): ਗੰਭੀਰ ਚੱਕਰਵਾਤੀ ਤੂਫਾਨ ਬਿਪਰਜੋਏ ਨੇ ਗੁਜਰਾਤ ਦੇ ਕੱਛ ਵਿੱਚ ਜਾਖਾਊ ਤੱਟ ਰਾਹੀਂ ਸਮੁੰਦਰ ਤੋਂ ਲੈਂਡਫਾਲ ਕੀਤਾ। ਇਸ ਨਾਲ ਤਬਾਹੀ ਸ਼ੁਰੂ ਹੋ ਗਈ ਅਤੇ ਹਵਾ ਦੀ ਰਫ਼ਤਾਰ 125 ਕਿਲੋਮੀਟਰ ਪ੍ਰਤੀ ਘੰਟੇ ਤੱਕ ਪਹੁੰਚ ਗਈ। ਵੱਡੀ ਗਿਣਤੀ ਵਿੱਚ ਦਰੱਖਤ ਅਤੇ ਬਿਜਲੀ ਦੇ ਖੰਭੇ ਉੱਖੜ ਗਏ ਹਨ। ਇਸ ਕਾਰਨ ਜਾਖੌ ਹਾਈਵੇਅ ਨੂੰ ਬੰਦ ਕਰਨਾ ਪਿਆ। ਚੱਕਰਵਾਤ ਕਾਰਨ ਮਾਂਡਵੀ, ਦੇਵਭੂਮੀ ਦਵਾਰਕਾ ਸਮੇਤ ਕਈ ਇਲਾਕਿਆਂ 'ਚ ਭਾਰੀ ਮੀਂਹ ਪਿਆ। ਚੱਕਰਵਾਤ ਪ੍ਰਭਾਵਿਤ ਖੇਤਰ ਹਨੇਰੇ ਵਿੱਚ ਡੁੱਬੇ ਹੋਏ ਹਨ। ਪੂਰੇ ਕੱਛ ਵਿੱਚ ਬਿਜਲੀ ਸਪਲਾਈ ਬੰਦ ਕਰ ਦਿੱਤੀ ਗਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੁੱਖ ਮੰਤਰੀ ਭੂਪੇਂਦਰ ਪਟੇਲ ਨਾਲ ਗੱਲ ਕੀਤੀ ਅਤੇ ਸਥਿਤੀ ਦਾ ਜਾਇਜ਼ਾ ਲਿਆ।

ਭਾਰਤੀ ਮੌਸਮ ਵਿਭਾਗ ਦੇ ਅਨੁਸ-ਾਰ, ਚੱਕਰਵਾਤ ਦਾ ਕੇਂਦਰ ਲਗਭਗ 50 ਕਿਲੋਮੀਟਰ ਦੇ ਘੇਰੇ ਵਿੱਚ ਫੈਲਿਆ ਹੋਇਆ ਹੈ। ਇਹ ਇਸਦੀ ਗੰਭੀਰਤਾ ਨੂੰ ਦਰਸਾਉਂਦਾ ਹੈ। ਅਰਬ ਸਾਗਰ ਵਿੱਚ ਚੱਕਰਵਾਤ ਦੇ ਅੱਗੇ ਵਧਣ ਦੌਰਾਨ 10 ਤੋਂ 14 ਮੀਟਰ ਉੱਚੀਆਂ ਸਮੁੰਦਰੀ ਲਹਿਰਾਂ ਉੱਠੀਆਂ ਸਨ। ਵੀਰਵਾਰ ਨੂੰ ਕਿਨਾਰੇ ਨਾਲ ਟਕਰਾਉਣ ਤੋਂ ਬਾਅਦ ਨਵਲਖੀ ਖੇਤਰ 'ਚ 7 ਮੀਟਰ ਲਹਿਰਾਂ ਉੱਠਦੀਆਂ ਦੇਖੀਆਂ ਗਈਆਂ। ਜਿਸ ਕਾਰਨ ਸਮੁੰਦਰ ਵਿੱਚ ਹਰ ਤਰ੍ਹਾਂ ਦੀਆਂ ਗਤੀਵਿਧੀਆਂ ਠੱਪ ਹੋ ਗਈਆਂ।

## ਆਸਾਮ ਦੇ ਤਿੰਨ ਜ਼ਿਲ੍ਹੇ ਹੜ੍ਹ ਦੀ ਮਾਰ ਹੇਠ, ਲੋਕ ਹੋਏ ਬੇਘਰ

ਦਿਸਪੁਰ, 15 ਜੂਨ (ਪੋਸਟ ਬਿਊਰੋ): ਅਸਾਮ ਵਿੱਚ ਲਗਾਤਾਰ ਹੋ ਰਹੀ ਬਾਰਿਸ਼ ਕਾਰਨ ਤਿੰਨ ਜ਼ਿਲ੍ਹੇ ਹੜ੍ਹ ਦੀ ਲਪੇਟ ਵਿੱਚ ਆ ਗਏ ਹਨ। ਇਸ ਕਾਰਨ 600 ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ। ਐਤਵਾਰ ਨੂੰ ਹੀ ਅਸਾਮ ਦੇ ਮੁੱਖ ਮੰਤਰੀ ਨੇ ਹੜ੍ਹਾਂ ਨੂੰ ਲੈ ਕੇ ਜ਼ਿਲ੍ਹਾ ਮੈਜਿਸਟ੍ਰੇਟ ਨਾਲ ਮੀਟਿੰਗ ਕੀਤੀ। ਮੁੱਖ ਮੰਤਰੀ ਨੇ ਸੰਵੇਦਨਸ਼ੀਲ ਜ਼ਿਲ੍ਹਿਆਂ ਖਾਸ ਕਰਕੇ ਦੀਮਾ ਹਸਾਉ ਵਿੱਚ ਐਨਡੀਆਰਐਫ ਅਤੇ ਐਸਡੀਆਰਐਫ ਦੇ ਜਵਾਨਾਂ ਦੀ ਤਿਆਰੀ ਲਈ ਕਦਮ ਚੁੱਕੇ ਜਾਣ ਲਈ ਆਖਿਆ।



ਅਸਾਮ ਰਾਜ ਆਫ਼ਤ ਪ੍ਰਬੰਧਨ ਅਥਾਰਟੀ (ਏਐੱਸਡੀਐੱਮਏ) ਦੇ ਅਨੁਸਾਰ, ਤਿੰਨ ਜ਼ਿਲ੍ਹੇ ਉਦਲਗੁੜੀ, ਸੋਨਿਤਪੁਰ ਅਤੇ ਕਛਰ ਹੜ੍ਹ ਨਾਲ ਪ੍ਰਭਾਵਿਤ ਹੋਏ ਹਨ। ਏਐਸਡੀਐਮਏ ਨੇ ਕਿਹਾ ਕਿ ਹੜ੍ਹ ਨੇ ਤਿੰਨ ਮਾਲ ਸਰਕਲਾਂ ਦੇ ਅਧੀਨ 10 ਪਿੰਡ ਪ੍ਰਭਾਵਿਤ ਕੀਤੇ ਹਨ ਅਤੇ ਗੋਹਪੁਰ ਮਾਲ ਸਰਕਲ ਅਤੇ ਕਲਾਈਗਾਂਵ ਮਾਲ ਸਰਕਲ ਅਧੀਨ 150 ਹੈਕਟੇਅਰ ਫਸਲੀ ਜ਼ਮੀਨ ਇਸ ਸਮੇਂ ਡੁੱਬੀ ਹੋਈ ਹੈ।

ਹੜ੍ਹ ਦੇ ਪਾਣੀ ਨੇ ਪੰਜ ਬੰਨ੍ਹ ਤੋੜ ਦਿੱਤੇ ਹਨ। (ਦਰੰਗ ਜ਼ਿਲ੍ਹੇ ਵਿੱਚ ਤਿੰਨ ਅਤੇ ਲਖੀਮਪੁਰ ਜ਼ਿਲ੍ਹੇ ਅਤੇ ਵਿਸ਼ਵਨਾਥ ਸਬ-ਡਿਵੀਜ਼ਨ ਵਿੱਚ ਇੱਕ-ਇੱਕ), ਸੱਤ ਸੜਕਾਂ ਦੇ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਿਆ ਅਤੇ ਹੜ੍ਹ ਦੇ ਪਾਣੀ ਨੇ ਕੁਝ ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਵਿੱਚ ਵੀ ਪਾਣੀ ਭਰਿਆ। ਦੂਜੇ ਪਾਸੇ, ਏਐੱਸਡੀਐੱਮਏ ਨੇ ਕਿਹਾ ਕਿ ਪਿਛਲੇ ਦੋ ਦਿਨਾਂ ਦੌਰਾਨ ਭਾਰੀ ਮੀਂਹ ਕਾਰਨ ਕਛਰ ਜ਼ਿਲ੍ਹੇ ਦੇ ਸਿਲਚਰ ਸ਼ਹਿਰ ਦੇ ਕਈ ਹਿੱਸਿਆਂ ਵਿੱਚ ਹੜ੍ਹ ਆ ਗਏ ਹਨ।

ਮਾਨਸੂਨ ਦੀ ਸ਼ੁਰੂਆਤ ਅਤੇ ਰਾਜ ਭਰ ਵਿੱਚ ਮੀਂਹ ਕਾਰਨ ਹੜ੍ਹਾਂ ਦੀ ਸੰਭਾਵਨਾ ਦੇ ਮੱਦੇਨਜ਼ਰ, ਆਸਾਮ ਦੇ ਮੁੱਖ ਮੰਤਰੀ ਡਾ: ਹਿਮਾਂਤਾ ਬਿਸਵਾ ਸ਼ਰਮਾ ਨੇ ਐਤਵਾਰ ਨੂੰ ਡੀਸੀ ਅਤੇ ਰਾਜ ਪ੍ਰਸ਼ਾਸਨ ਦੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਸਾਰੇ ਲੋੜੀਂਦੇ ਪ੍ਰਬੰਧ ਕਰਨ ਲਈ ਵੀਡੀਓ ਕਾਨਫਰੰਸ ਕੀਤੀ। ਮੁੱਖ ਮੰਤਰੀ ਨੇ ਮਾਲ ਅਤੇ ਆਫ਼ਤ ਪ੍ਰਬੰਧਨ ਦੇ ਪ੍ਰਮੁੱਖ ਸਕੱਤਰ ਗਿਆਨੇਂਦਰ ਦੇਵ ਤ੍ਰਿਪਾਠੀ ਨੂੰ ਸੰਵੇਦਨਸ਼ੀਲ ਜ਼ਿਲ੍ਹਿਆਂ ਖਾਸ ਕਰਕੇ ਦੀਮਾ ਹਸਾਉ ਵਿੱਚ ਐਨਡੀਆਰਐਫ ਅਤੇ ਐਸਡੀਆਰਐਫ ਦੇ ਜਵਾਨਾਂ ਦੀ ਤਿਆਰੀ ਲਈ ਕਦਮ ਚੁੱਕਣ ਲਈ ਕਿਹਾ ਹੈ।

## ਦੋ ਬੇਟੀਆਂ ਸਮੇਤ ਔਰਤ ਨੇ ਕੀਤੀ ਖੁਦਕੁਸ਼ੀ, ਪਤੀ ਦੀ ਮੌਤ ਤੋਂ ਬਾਅਦ ਸਦਮੇ ਵਿਚ ਸੀ ਪਰਿਵਾਰ

ਹੈਦਰਾਬਾਦ, 15 ਜੂਨ (ਪੋਸਟ ਬਿਊਰੋ): ਹੈਦਰਾਬਾਦ 'ਚ ਇਕ ਔਰਤ ਨੇ ਆਪਣੀਆਂ ਦੋ ਬੇਟੀਆਂ ਸਮੇਤ ਖੁਦਕੁਸ਼ੀ ਕਰ ਲਈ। 55 ਸਾਲਾ ਔਰਤ ਦੇ ਪਤੀ ਦੀ ਇਸ ਸਾਲ ਅਪ੍ਰੈਲ 'ਚ ਮੌਤ ਹੋ ਗਈ ਸੀ। ਇਸ ਕਾਰਨ ਔਰਤ ਡਿਪ੍ਰੈਸ਼ਨ ਵਿੱਚ ਸੀ। ਜਾਣਕਾਰੀ ਮੁਤਾਬਕ ਬੇਟੀਆਂ ਦੀ ਉਮਰ 29 ਅਤੇ 30 ਸਾਲ ਦੇ ਕਰੀਬ ਸੀ। ਤਿੰਨਾਂ ਦੀਆਂ ਲਾਸ਼ਾਂ ਮੰਗਲਵਾਰ ਸਵੇਰੇ ਬੋਵਨਪੱਲੀ ਇਲਾਕੇ 'ਚ ਉਨ੍ਹਾਂ ਦੇ ਘਰ ਤੋਂ ਮਿਲੀਆਂ। ਉਨ੍ਹਾਂ ਦੇ ਇੱਕ ਰਿਸ਼ਤੇਦਾਰ ਨੇ ਵੱਖ-ਵੱਖ ਕਮਰਿਆਂ ਵਿੱਚ ਲਾਸ਼ਾਂ ਲਟਕਦੀਆਂ ਦੇਖੀਆਂ। ਔਰਤ ਦੇ ਪਤੀ ਦੀ ਸਿਹਤ ਖਰਾਬ ਹੋਣ ਕਾਰਨ 4 ਅਪ੍ਰੈਲ ਨੂੰ ਮੌਤ ਹੋ ਗਈ ਸੀ ਅਤੇ ਉਦੋਂ ਤੋਂ ਉਹ ਅਤੇ ਉਸ ਦੀਆਂ ਦੋ ਬੇਟੀਆਂ ਡਿਪ੍ਰੈਸ਼ਨ 'ਚ ਚਲੀਆਂ ਗਈਆਂ ਸਨ।



ਪੁਲਸ ਨੇ ਦੱਸਿਆ ਕਿ ਪਤੀ ਦੇ ਅੰਤਿਮ ਸੰਸਕਾਰ ਤੋਂ 10ਵੇਂ ਦਿਨ ਬਾਅਦ ਔਰਤ ਅਤੇ ਉਸ ਦੀਆਂ ਬੇਟੀਆਂ ਨੇ ਨੀਂਦ ਦੀਆਂ ਗੋਲੀਆਂ ਖਾ ਕੇ ਅਤੇ ਇਨਸੁਲਿਨ ਦਾ ਟੀਕਾ ਲਗਾ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਦੀ ਜਾਨ ਬਚ ਗਈ। ਇਸ ਤੋਂ ਬਾਅਦ ਇਕ ਰਿਸ਼ਤੇਦਾਰ ਨੇ ਔਰਤ ਅਤੇ ਉਸ ਦੀਆਂ ਬੇਟੀਆਂ ਦੀ ਦੇਖਭਾਲ ਕੀਤੀ। ਮੰਗਲਵਾਰ ਸਵੇਰੇ ਰਿਸ਼ਤੇਦਾਰ ਔਰਤ ਦੇ ਘਰ ਪਹੁੰਚਿਆ ਅਤੇ ਘੰਟੀ ਵਜਾਈ, ਪਰ ਕੋਈ ਜਵਾਬ ਨਾ ਮਿਲਣ 'ਤੇ ਉਸ ਨੇ ਘਰ ਦੇ ਮਾਲਕ ਨੂੰ ਫੋਨ ਕੀਤਾ ਅਤੇ ਉਸ ਦੀ ਮਦਦ ਨਾਲ ਰਸੋਈ ਦਾ ਦਰਵਾਜ਼ਾ ਤੋੜ ਕੇ ਅੰਦਰ ਦਾਖਲ ਹੋ ਗਿਆ।

ਪੁਲਸ ਨੇ ਦੱਸਿਆ ਕਿ ਉਨ੍ਹਾਂ ਨੇ ਮਿੰਨੀ ਹਾਲ 'ਚ ਔਰਤ ਨੂੰ ਛੱਤ ਵਾਲੇ ਪੱਖੇ ਨਾਲ ਲਟਕੀ ਹੋਈ ਵੇਖਿਆ ਅਤੇ ਉਸ ਦੀਆਂ ਬੇਟੀਆਂ ਨੂੰ ਵੇਟਿੰਗ ਹਾਲ ਅਤੇ ਬੈੱਡਰੂਮ 'ਚ ਦੇਖਿਆ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਦੀ ਟੀਮ ਮੌਕੇ 'ਤੇ ਪਹੁੰਚ ਗਈ। ਉਨ੍ਹਾਂ ਨੂੰ ਇੱਕ ਸੁਸਾਈਡ ਨੋਟ ਮਿ-ਲਿਆ ਜਿਸ ਵਿੱਚ ਕਥਿਤ ਤੌਰ 'ਤੇ ਕਿਹਾ ਗਿਆ ਸੀ ਕਿ ਉਸਦੀ ਮੌਤ ਲਈ ਕੋਈ ਵੀ ਜ਼ਿੰਮੇਵਾਰ ਨਹੀਂ ਹੈ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਤਾਮਿਲਨਾਡੂ ’ਚ ਜਵਾਨ ਦੀ ਪਤਨੀ ਨਾਲ ਕੁੱਟਮਾਰ, ਪਰਿਵਾਰ ਨੂੰ ਜਾਨੋਂ ਮਾਰਨ ਦੀ ਦਿੱਤੀ ਧਮਕੀ

ਤਾਮਿਲਨਾਡੂ, 15 ਜੂਨ (ਪੋਸਟ ਬਿਊਰੋ): ਤਾਮਿਲਨਾਡੂ ਤੋਂ ਇੱਕ ਵੀਡੀਉ ਸਾਹਮਣੇ ਆਈ ਹੈ। ਵੀਡੀਉ 'ਚ ਕੁਝ ਲੋਕ ਔਰਤ ਨਾਲ ਕੁੱਟਮਾਰ ਕਰਦੇ ਨਜ਼ਰ ਆ ਰਹੇ ਹਨ। ਕੁੱਟਮਾਰ ਦੀ ਸ਼ਿਕਾਰ ਔਰਤ ਕਹਿੰਦੀ ਹੈ ਕਿ 40 ਲੋਕਾਂ ਨੇ ਹਮਲਾ ਕੀਤਾ, ਮੈਨੂੰ ਜਾਨ ਦਾ ਖ਼ਤਰਾ ਹੈ। ਮਾਮਲੇ 'ਚ ਪੁਲਸ ਨੇ ਦੱਸਿਆ ਕਿ ਅਜਿਹਾ ਕੁਝ ਨਹੀਂ ਹੈ। ਔਰਤ 'ਤੇ ਕੋਈ ਹਮਲਾ ਨਹੀਂ ਹੋਇਆ ਹੈ।

ਔਰਤ ਦਾ ਦਾਅਵਾ ਹੈ ਕਿ ਉਸ ਦਾ ਪਤੀ ਫ਼ੌਜ ਵਿੱਚ ਸਿਪਾਹੀ ਹੈ। 40 ਲੋਕਾਂ ਨੇ ਮੇਰੇ 'ਤੇ ਹਮਲਾ ਕੀਤਾ ਹੈ। ਮੈਨੂੰ ਅਪਸ਼ਬਦ ਕਹੇ। ਉਸਨੇ ਗਲਤ ਇਰਾਦੇ ਨਾਲ ਮੈਨੂੰ ਛੂਹਿਆ। ਉਹ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਨਹੀਂ ਰਹਿਣ ਦੇਣਗੇ। ਉਹ ਲੋਕ ਮੈਨੂੰ ਧਮਕੀਆਂ ਦੇ ਰਹੇ ਹਨ। ਮਾਮਲੇ ਵਿੱਚ ਐਸਪੀ ਕਾਰਤੀਕੇਯਨ ਨੇ ਕਿਹਾ ਕਿ ਵਿਵਾਦ ਮੰਦਰ ਦੀ ਜ਼ਮੀਨ ਨੂੰ ਲੈ ਕੇ ਹੋਇਆ ਸੀ। ਔਰਤ ਦਾ ਨਾਂ ਕੀਰਤੀ ਹੈ, ਉਸ 'ਤੇ ਕੋਈ ਹਮਲਾ ਨਹੀਂ ਹੋਇਆ ਹੈ। ਘਟਨਾ ਵੇਲੇ ਕੀਰਤੀ ਆਪਣੀ ਮਾਂ ਨਾਲ ਉੱਥੇ ਸੀ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਕੇਸ ਦਰਜ ਕਰ ਲਿਆ ਹੈ।




ਭਾਰਤੀ ਫੌਜ ਨੇ ਵੀ ਇਸ ਮਾਮਲੇ 'ਚ ਬਿਆਨ ਜਾਰੀ ਕੀਤਾ ਹੈ। ਫੌਜ ਨੇ ਦੱਸਿਆ ਕਿ ਜਵਾਨ ਪ੍ਰਭਾਕਰਨ ਤਾਮਿਲਨਾਡੂ ਦਾ ਰਹਿਣ ਵਾਲਾ ਹੈ। ਉਸਦਾ ਪਰਿਵਾਰ ਖਤਰੇ ਵਿੱਚ ਹੈ। ਭਾਰਤੀ ਫੌਜ ਆਪਣੇ ਜਵਾਨਾਂ ਨਾਲ ਖੜ੍ਹੀ ਹੈ। ਪਰਿਵਾਰ ਦੀ ਸੁਰੱਖਿਆ ਲਈ ਅਸੀਂ ਪੁਲਿਸ ਨਾਲ ਗੱਲ ਕੀਤੀ ਅਤੇ ਪੁਲਿਸ ਨੇ ਜਵਾਨ ਦੇ ਪਰਿਵਾਰ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਹੈ। ਇਸ ਸਬੰਧੀ ਮਾਮਲਾ ਦਰਜ ਕਰ ਲਿਆ ਗਿਆ ਹੈ। ਇੱਕ ਮੁਲਜ਼ਮਾਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। ਜਾਂਚ ਕੀਤੀ ਜਾ ਰਹੀ ਹੈ।

## ਫਲਾਈਓਵਰ ਨਿਰਮਾਣ ਦੌਰਾਨ ਹਾਦਸੇ ਵਿਚ ਜੇਸੀਬੀ ਚਾਲਕ ਦੀ ਮੌਤ

ਨਵੀਂ ਦਿੱਲੀ, 15 ਜੂਨ (ਪੋਸਟ ਬਿਊਰੋ): ਦਿੱਲੀ ਤੋਂ ਗੁਰੂਗ੍ਰਾਮ ਜਾਣ ਵਾਲੀ ਸੜਕ 'ਤੇ ਮਹੀਪਾਲਪੁਰ ਨੇੜੇ ਬੁੱਧਵਾਰ ਸਵੇਰੇ 10 ਵਜੇ ਹਾਦਸਾ ਵਾਪਰ ਗਿਆ। ਇਸ ਦੀ ਲਪੇਟ ਵਿੱਚ ਆਉਣ ਕਾਰਨ ਇੱਕ ਜੇਸੀਬੀ ਚਾਲਕ ਦੀ ਮੌਤ ਹੋ ਗਈ। ਇੱਥੇ ਸਮਾਲਖਾ ਤੋਂ ਮਹੀਪਾਲਪੁਰ ਤੱਕ ਨਵੇਂ ਫਲਾਈਓਵਰ ਦਾ ਕੰਮ ਚੱਲ ਰਿਹਾ ਹੈ। ਉਸੇ ਥਾਂ 'ਤੇ, ਦਿੱਲੀ-ਗੁਰੂਗ੍ਰਾਮ ਹਾਈਵੇਅ ਦੇ ਥੋੜ੍ਹਾ ਅੰਦਰ, ਉਸਾਰੀ ਅਧੀਨ ਜਗ੍ਹਾ 'ਤੇ ਫਲਾਈਓਵਰ ਦਾ ਇੱਕ ਹਿੱਸਾ ਚੱਲਦੀ ਕਰੇਨ 'ਤੇ ਡਿੱਗ ਗਿਆ।

ਇਸ ਫਲਾਈਓਵਰ ਦਾ ਇੱਕ ਹਿੱਸਾ ਜੋ ਜਲਦੀ ਹੀ ਸ਼ੁਰੂ ਹੋਣ ਜਾ ਰਿਹਾ ਸੀ, ਅਚਾਨਕ ਹੇਠਾਂ ਡਿੱਗ ਗਿਆ ਅਤੇ ਇੱਕ ਜੇਸੀਬੀ ਚਾਲਕ ਹੇਠਾਂ ਆ ਗਿਆ। ਜਿਸ ਕਾਰਨ ਉਸ ਦੀ ਮੌਤ ਹੋ ਗਈ। ਹਾਦਸੇ ਤੋਂ ਬਾਅਦ ਕੰਪਨੀ ਨਾਲ ਜੁੜੇ ਲੋਕਾਂ ਨੇ ਦੱਸਿਆ ਕਿ ਮਜ਼ਦੂਰ ਨਹੀਂ ਸਨ, ਇਸ ਲਈ ਕੋਈ ਵੱਡਾ ਹਾਦਸਾ ਨਹੀਂ ਹੋਇਆ। ਫਲਾਈਓਵਰ ਦਾ ਹਿੱਸਾ ਉਪਰੋਂ ਜੈਕ ਨਾਲ ਬੰਨ੍ਹਿਆ ਹੋਇਆ ਸੀ ਪਰ ਕੁਝ ਗਲਤੀ ਹੋ ਗਈ ਜਿਸ ਕਾਰਨ ਇਹ ਹਿੱਸਾ ਡਿੱਗ ਗਿਆ।



ਇਹ ਹਾਦਸਾ ਦਿੱਲੀ-ਗੁਰੂਗ੍ਰਾਮ ਮੁੱਖ ਸੜਕ 'ਤੇ 100 ਮੀਟਰ ਅੰਦਰ ਵਾਪਰਿਆ। ਇਸ ਤੋਂ ਪਹਿਲਾਂ ਇਸ ਦਵਾਰਕਾ ਲਿੰਕ ਰੋਡ ਹਾਈਵੇਅ ਦੇ ਕੰਮ ਦੌਰਾਨ ਗੁਰੂਗ੍ਰਾਮ ਵਾਲੇ ਪਾਸੇ ਵੀ ਮਿੱਟੀ ਖਿਸਕਣ ਕਾਰਨ ਹਾਦਸਾ ਹੋਇਆ ਸੀ। ਘਟਨਾ ਦੀ ਸੂਚਨਾ ਮਿਲਦੇ ਹੀ ਦਿੱਲੀ ਪੁਲਸ, ਫੋਰੈਂਸਿਕ ਟੀਮ ਦੇ ਲੋਕ ਮੌਕੇ 'ਤੇ ਪਹੁੰਚ ਗਏ ਅਤੇ ਸਥਿਤੀ ਦਾ ਜਾਇਜ਼ਾ ਲਿਆ।

## ਪ੍ਰਧਾਨ ਮੰਤਰੀ ਮੋਦੀ 26 ਜੂਨ ਨੂੰ 5 ਵੰਦੇ ਭਾਰਤ ਟਰੇਨਾਂ ਨੂੰ ਦਿਖਾਉਣਗੇ ਹਰੀ ਝੰਡੀ

ਨਵੀਂ ਦਿੱਲੀ, 15 ਜੂਨ (ਪੋਸਟ ਬਿਊਰੋ): ਭਾਰਤੀ ਰੇਲਵੇ ਨੇ ਪਹਿਲੀ ਵਾਰ ਦੇਸ਼ ਵਿੱਚ ਇੱਕੋ ਸਮੇਂ ਪੰਜ ਵੰਦੇ ਭਾਰਤ ਟਰੇਨਾਂ ਦਾ ਉਦਘਾਟਨ ਕਰਨ ਦਾ ਫੈਸਲਾ ਕੀਤਾ ਹੈ। ਇਨ੍ਹਾਂ ਪੰਜ ਵੰਦੇ ਭਾਰਤ ਟਰੇਨਾਂ ਦੇ ਰੂਟ ਤੈਅ ਕਰ ਲਏ ਗਏ ਹਨ ਅਤੇ ਉਦਘਾਟਨ ਦੀ ਤਰੀਕ ਨੂੰ ਵੀ ਅੰਤਿਮ ਰੂਪ ਦਿੱਤਾ ਗਿਆ ਹੈ। ਰੇਲ ਮੰਤਰਾਲੇ ਮੁਤਾਬਕ 26 ਜੂਨ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜ ਵੰਦੇ ਭਾਰਤ ਦਾ ਉਦਘਾਟਨ ਕਰਨਗੇ। ਇਨ੍ਹਾਂ 'ਚ ਪ੍ਰਧਾਨ ਮੰਤਰੀ ਖੁਦ ਇਕ ਥਾਂ 'ਤੇ ਮੌਜੂਦ ਰਹਿਣਗੇ, ਜਦਕਿ ਚਾਰ ਹੋਰ ਥਾਵਾਂ 'ਤੇ ਵਰਚੁਅਲ ਫਲੈਗ ਦਿਖਾਏ ਜਾਣਗੇ। ਇਹ ਪੰਜ ਵੰਦੇ ਭਾਰਤ ਰੇਲ ਗੱਡੀਆਂ ਭੋਪਾਲ-ਇੰਦੌਰ, ਭੋਪਾਲ-ਜਬਲਪੁਰ, ਪਟਨਾ-ਰਾਂਚੀ, ਬੈਂਗਲੁਰੂ-ਹੁਬਲੀ ਅਤੇ ਗੋਆ ਮੁੰਬਈ ਵਿਚਕਾਰ ਚੱਲਣਗੀਆਂ। 2 ਜੂਨ ਨੂੰ ਉੜੀਸਾ ਵਿੱਚ ਤਿੰਨ ਟਰੇਨਾਂ ਦੇ ਹਾਦਸੇ ਤੋਂ ਬਾਅਦ ਵੰਦੇ ਭਾਰਤ ਟਰੇਨਾਂ ਦੀ ਇਹ ਪਹਿਲੀ ਸ਼ੁਰੂਆਤ ਹੈ।



ਇਸ ਸਮੇਂ ਦੇਸ਼ ਦੇ ਵੱਖ-ਵੱਖ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ 18 ਵੰਦੇ ਭਾਰਤ ਟਰੇਨਾਂ ਸਫਲਤਾਪੂਰਵਕ ਚੱਲ ਰਹੀਆਂ ਹਨ। ਇਨ੍ਹਾਂ ਵਿਚੋਂ ਦੇਸ਼ ਦੇ ਤਿੰਨ ਰਾਜਾਂ ਵਿੱਚ ਵੰਦੇ ਭਾਰਤ ਦਾ ਸੰਚਾਲਨ ਨਹੀਂ ਕੀਤਾ ਜਾ ਰਿਹਾ ਸੀ। ਇਸ ਵਿੱਚ ਗੋਆ, ਝਾਰਖੰਡ ਅਤੇ ਬਿਹਾਰ ਸ਼ਾਮਲ ਹਨ। ਉੱਤਰ-ਪੂਰਬੀ ਰਾਜਾਂ ਵਿੱਚ ਅਸਾਮ ਨੂੰ ਛੱਡ ਕੇ ਬਾਕੀ ਸਾਰੇ ਰਾਜਾਂ ਵਿੱਚ ਅਜੇ ਤੱਕ ਟ੍ਰੈਕ ਦਾ ਬਿਜਲੀਕਰਨ ਨਹੀਂ ਹੋਇਆ ਹੈ। ਇਸੇ ਲਈ ਵੰਦੇ ਭਾਰਤ ਨੇ ਗੁਹਾਟੀ ਅਤੇ ਅਸਾਮ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਦੇਸ਼ ਦੀ ਪਹਿਲੀ ਵੰਦੇ ਭਾਰਤ ਟਰੇਨ ਨਵੀਂ ਦਿੱਲੀ ਤੋਂ ਵਾਰਾਣਸੀ ਤੱਕ ਚੱਲੀ। ਇਹ ਟਰੇਨ ਫਰਵਰੀ 2019 ਵਿੱਚ ਚਲਾਈ ਗਈ ਸੀ। ਜਦੋਂ ਕਿ ਦੂਜੀ ਰੇਲ ਗੱਡੀ ਨਵੀਂ ਦਿੱਲੀ ਤੋਂ ਸ਼੍ਰੀ ਵੈਸ਼ਨੋ ਦੇਵੀ ਕਟੜਾ ਵਿਚਕਾਰ ਚੱਲੀ।

## ਮਣੀਪੁਰ ਵਿਚ ਹੋਏ ਅੱਤਵਾਦੀ ਹਮਲੇ ’ਚ 9 ਦੀ ਮੌਤ, 10 ਜ਼ਖਮੀ

ਇੰਫਾਲ, 15 ਜੂਨ (ਪੋਸਟ ਬਿਊਰੋ): ਬੀਤੇ ਦਿਨ ਮਣੀਪੁਰ 'ਚ ਹਿੰਸਾ ਰੁਕਣ ਦਾ ਨਾਂ ਨਹੀਂ ਲੈ ਰਹੀ ਹੈ। ਜਿਵੇਂ ਹੀ ਸਰਕਾਰ ਅਤੇ ਆਮ ਲੋਕਾਂ ਨੂੰ ਲੱਗਦਾ ਹੈ ਕਿ ਤਣਾਅ ਸ਼ਾਂਤ ਹੋ ਗਿਆ ਹੈ। ਉਸੇ ਤਰ੍ਹਾਂ ਫਿਰ ਗੋਲੀਬਾਰੀ ਸ਼ੁਰੂ ਹੋ ਜਾਂਦੀ ਹੈ। ਬੁੱਧਵਾਰ ਨੂੰ ਪੁਲਸ ਨੇ ਦੱਸਿਆ ਕਿ ਇੰਫਾਲ ਪੂਰਬੀ ਜ਼ਿਲੇ ਦੇ ਖਮੇਨਲੋਕ ਖੇਤਰ 'ਚ ਦੇਰ ਰਾਤ ਗੋਲੀਬਾਰੀ ਦੀ ਘਟਨਾ ਵਾਪਰੀ ਹੈ। ਇਸ 'ਚ 9 ਲੋਕਾਂ ਦੀ ਮੌਤ ਹੋ ਗਈ, ਜਦਕਿ 10 ਹੋਰ ਜ਼ਖਮੀ ਹੋ ਗਏ।

ਪੁਲਸ ਨੇ ਦੱਸਿਆ ਕਿ ਹਥਿਆਰਬੰਦ ਅੱਤਵਾਦੀਆਂ ਨੇ ਇੰਫਾਲ ਪੂਰਬੀ ਜ਼ਿਲੇ ਅਤੇ ਕਾਂਗਪੋਕੀ ਜ਼ਿਲੇ ਦੀ ਸਰਹੱਦ ਨਾਲ ਲੱਗਦੇ ਖਮੇਨਲੋਕ ਖੇਤਰ 'ਚ ਪਿੰਡ ਵਾਸੀਆਂ ਨੂੰ ਘੇਰ ਲਿਆ ਅਤੇ ਕਰੀਬ 1 ਵਜੇ ਹਮਲਾ ਕੀਤਾ। ਇਸ ਕਾਰਨ 9 ਲੋਕਾਂ ਦੀ ਮੌਤ ਹੋ ਗਈ। ਉੱਥੇ ਹੀ 10 ਲੋਕ ਜ਼ਖਮੀ ਹੋਏ ਹਨ। ਜ਼ਖਮੀਆਂ ਨੂੰ ਇੰਫਾਲ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਇਹ ਇਲਾਕਾ ਮੈਈਤੇਈ-ਬਹੁਲ ਦੇ ਪ੍ਰਭਾਵ ਵਾਲੇ ਇੰਫਾਲ ਪੂਰਬੀ ਜ਼ਿਲੇ ਅਤੇ ਆਦੀਵਾਸੀ ਬਹੁਲ ਕਾਂਗਪੋਕਪੀ ਜ਼ਿਲੇ ਦੀਆਂ ਸਰਹੱਦਾਂ ਦੇ ਨਾਲ ਸਥਿਤ ਹੈ।



ਤਾਜ਼ਾ ਹਿੰਸਾ 'ਚ ਬੁੱਧਵਾਰ ਨੂੰ ਮਨੀਪੁਰ ਦੇ ਇੰਫਾਲ ਪੱਛਮੀ ਦੇ ਲੈਮਫੇਲ ਇਲਾਕੇ 'ਚ ਕੁਝ ਬਦਮਾਸ਼ਾਂ ਨੇ ਮੰਤਰੀ ਨੇਮਚਾ ਕਿਪਗੇਨ ਦੇ ਘਰ ਨੂੰ ਅੱਗ ਲਾ ਦਿੱਤੀ। ਸੂਤਰਾਂ ਮੁਤਾਬਕ ਘਟਨਾ ਬੁੱਧਵਾਰ ਸ਼ਾਮ ਕਰੀਬ 6:30 ਵਜੇ ਦੀ ਦੱਸੀ ਜਾ ਰਹੀ ਹੈ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਜਦੋਂ ਘਰ ਨੂੰ ਅੱਗ ਲਗਾਈ ਗਈ ਤਾਂ ਮੰਤਰੀ ਘਰ ਵਿੱਚ ਸਨ ਜਾਂ ਨਹੀਂ। ਵਰਣਨਯੋਗ ਹੈ ਕਿ ਨੇਮਚਾ ਕਿਪਗੇਨ ਭਾਜਪਾ ਨੇਤਾ ਹਨ। ਕਿਪਜੇਨ 2017 ਤੋਂ ਭਾਰਤੀ ਜਨਤਾ ਪਾਰਟੀ ਤੋਂ ਕੰਗਪੋਕਪੀ ਹਲਕੇ ਤੋਂ ਮਣੀਪੁਰ ਵਿਧਾਨ ਸਭਾ ਦੇ ਮੈਂਬਰ ਹਨ।

## ਕੁਈਨਜ਼ਵੁੱਡ ਕਾਲਜ ਆਫ਼ ਬਿਜ਼ਨਸ ਹੈਲਥ ਐਂਡ ਟੈਕਨਾਲੋਜੀ ਡਿਪਲੋਮਾ ਅਤੇ ਛੋਟੇ ਕੋਰਸ ਪੇਸ਼ ਕਰਦਾ ਹੈ

ਡਿਪਲੋਮਾ ਪ੍ਰੋਗਰਾਮਾਂ ਵਿੱਚ ਅਸੀਂ **Medical Office Assistant** ਪ੍ਰੋਗਰਾਮ ਪੇਸ਼ ਕਰ ਰਹੇ ਹਾਂ । ਇਹ ਪ੍ਰੋਗਰਾਮ ਉਹਨਾਂ ਸਾਰਿਆਂ ਲਈ ਢੁਕਵਾਂ ਹੈ ਜੋ ਡਾਕਟਰ ਦੇ ਦਫ਼ਤਰ ਵਿੱਚ ਕੰਮ ਕਰਨਾ ਚਾਹੁੰਦੇ ਹਨ। ਤੁਸੀਂ ਇਸ ਕੋਰਸ ਨੂੰ ਪੂਰਾ ਕਰਨ ਤੋਂ ਬਾਅਦ ਡਾਕਟਰ ਦੇ ਦਫਤਰ ਵਿੱਚ ਇੱਕ ਚੰਗੀ ਸਫੈਦ ਕਾਲਰ ਦੀ ਨੌਕਰੀ ਪ੍ਰਾਪਤ ਕਰ ਸਕਦੇ ਹੋ। ਇਹ ਪ੍ਰੋਗਰਾਮ 47 ਹਫ਼ਤਿਆਂ ਦਾ ਹੈ। ਇਸ ਪ੍ਰੋਗਰਾਮ ਵਿੱਚ ਡਾਕਟਰ ਦੇ ਦਫ਼ਤਰ ਵਿੱਚ 240 **Hours** ਦੀ ਵਿਹਾਰਕ ਸਿਖਲਾਈ ਸ਼ਾਮਲ ਹੈ ਜੋ ਕਿ ਗਿਆਨ ਪ੍ਰਾਪਤ ਕਰਨ ਵਿੱਚ ਮਦਦਗਾਰ ਹੈ।

ਇਹ ਪ੍ਰੋਗਰਾਮ ਕਿਸੇ ਵੀ ਕੰਪਨੀ ਦੇ ਪ੍ਰਸ਼ਾਸਕੀ ਖੇਤਰ, ਫਰੰਟ ਡੈਸਕ ਨੌਕਰੀਆਂ, ਰਿਸੈਪਸ਼ਨਿਸਟ, ਆਫਿਸ ਐਡਮਿਨਿਸਟ੍ਰੇਟੋ ਵਿੱਚ ਨੌਕਰੀ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ।

ਇਸ ਕੋਰਸ ਲਈ ਪੂਰਵ ਸ਼ਰਤ ਹੈ, ਪ੍ਰੋਗਰਾਮ ਵਿੱਚ ਦਾਖਲਾ ਲੈਣ ਲਈ ਕਿਸੇ ਵੀ ਦੇਸ਼ ਤੋਂ ਘੱਟੋ-ਘੱਟ ਬਾਰ੍ਹਵੀਂ ਜਮਾਤ ਜਾਂ ਤੁਹਾਡੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ।

ਇਸ ਤੋਂ ਇਲਾਵਾ, Office Administration ਡਿਪਲੋਮਾ ਪ੍ਰੋਗਰਾਮ ਅਤੇ Personal Support Worker, Food Service Worker, ਪ੍ਰੋਗਰਾਮ ਵੀ ਪੇਸ਼ ਕੀਤੇ ਜਾਂਦੇ ਹਨ। ਛੋਟੇ ਕੋਰਸਾਂ ਵਿੱਚ, ਬੇਸਿਕ ਤੋਂ ਐਡਵਾਂਸ ਕੰਪਿਊਟਰ ਕੋਰਸ, ਅੰਗਰੇਜ਼ੀ ਭਾਸ਼ਾ ਦੇ ਕੋਰਸ, Accounting, ਆਈਲੈਟਸ, ਸੇਲਪਪ, ਡੇਟਾ ਐਂਟਰੀ ਅਤੇ ਫਰੈਂਚ ਕਲਾਸਾਂ ਵੀ ਇੱਥੇ ਦਿੱਤੀਆਂ ਜਾ ਰਹੀਆਂ ਹਨ। ਕਲਾਸਾਂ ਹਫ਼ਤੇ ਦੇ ਦਿਨ ਅਤੇ ਸ਼ਨੀਵਾਰ ਲਈ ਉਪਲਬਧ ਹਨ। Flexible schedule.

ਵਧੇਰੇ ਜਾਣਕਾਰੀ ਲਈ, ਤੁਸੀਂ 905-872-0088 ਤੇ ਕਾਲ ਕਰ ਸਕਦੇ ਹੋ।

Website: www.queenswood.com

Address: 2023 William, Pkwy, Unit 3, Brampton, ON, L6S 5N1



## ਅਮਰੀਕਾ ਸਮੇਤ ਕਈ ਦੇਸ਼ਾਂ ਤੇ ਵੱਡਾ ਸਾਈਬਰ ਹਮਲਾ




ਵਸ਼ਿੰਗਟਨ, 15 ਜੂਨ (ਪੋਸਟ ਬਿਊਰੋ): ਅਮਰੀਕਾ ਦੀਆਂ ਕਈ ਸੰਘੀ ਏਜੰਸੀਆਂ 'ਤੇ ਸਾਈਬਰ ਹਮਲੇ ਦੀ ਖਬਰ ਹੈ। ਹੈਕਰਾਂ ਨੇ ਫੈਡਰਲ ਏਜੰਸੀਆਂ ਨੂੰ ਹੈਕ ਕਰਨ ਲਈ ਫਾਈਲ ਟ੍ਰਾਂਸਫਰ ਸੌਫਟਵੇਅਰ ਵਿੱਚ ਕਮਜ਼ੋਰੀ ਦਾ ਫਾਇਦਾ ਉਠਾਇਆ। ਅਮਰੀਕਾ ਦੀ ਸਾਈਬਰ ਨਿਗਰਾਨੀ ਏਜੰਸੀ ਸਾਈਬਰ ਸੁਰੱਖਿਆ ਅਤੇ ਬੁਨਿਆਦੀ ਢਾਂਚਾ ਸੁਰੱਖਿਆ ਏਜੰਸੀ ਨੇ ਇਹ ਖੁਲਾਸਾ ਕੀਤਾ ਹੈ।

ਯੂਐਸ ਦੇ ਨਾਲ-ਨਾਲ ਯੂਕੇ ਅਤੇ ਕਈ ਹੋਰ ਦੇਸ਼ਾਂ ਵਿੱਚ ਸਿਸਟਮ ਵੀ ਮੂਵਇਟ ਟ੍ਰਾਂਸਫਰ ਸੌਫਟਵੇਅਰ ਉਲੰਘਣਾ ਦੁਆਰਾ ਪ੍ਰਭਾਵਿਤ ਹੋਏ ਹਨ। ਅਸਲ ਵਿੱਚ ਪ੍ਰੋਗਰੈਸ ਸੌਫਟਵੇਅਰ, ਮੂਵਇਟ ਟ੍ਰਾਂਸਫਰ ਦੇ ਡਿਵੈਲਪਰਾਂ ਨੇ ਪਿਛਲੇ ਮਹੀਨੇ ਹੀ ਸੁਰੱਖਿਆ ਖਾਮੀਆਂ ਦਾ ਖੁਲਾਸਾ ਕੀਤਾ ਸੀ। ਉਦੋਂ ਤੋਂ ਹੈਕਿੰਗ ਦੀਆਂ ਘਟਨਾਵਾਂ ਵਧ ਗਈਆਂ ਹਨ। ਸੀਆਈਐਸਏ ਦੇ ਕਾਰਜਕਾਰੀ ਸਹਾਇਕ ਨਿਰਦੇਸ਼ਕ ਐਰਿਕ ਗੋਲਡਸਟੀਨ ਨੇ ਇਕ ਬਿਆਨ ਜਾਰੀ ਕਰਕੇ ਕਿਹਾ ਕਿ ਫਿਲਹਾਲ ਉਹ ਹੈਕਿੰਗ ਕਾਰਨ ਹੋਏ ਨੁਕਸਾਨ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਇਸ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਹਾਲਾਂਕਿ ਕੰਪਨੀ ਨੇ ਅਮਰੀਕੀ ਸੰਘੀ ਏਜੰਸੀਆਂ ਨੂੰ ਹੋਏ ਨੁਕਸਾਨ ਦਾ ਖੁਲਾਸਾ ਨਹੀਂ ਕੀਤਾ ਹੈ।

## ਲੰਡਨ 'ਚ ਬ੍ਰਾਜ਼ੀਲੀਅਨ ਵਿਅਕਤੀ ਨੇ ਕੀਤੀ ਹੈਦਰਾਬਾਦ ਦੀ ਵਿਦਿਆਰਥਣ ਦੀ ਚਾਕੂ ਮਾਰ ਕੇ ਹੱਤਿਆ

ਲੰਡਨ, 15 ਜੂਨ (ਪੋਸਟ ਬਿਊਰੋ): ਲੰਡਨ ਦੇ ਵੈਂਬਲੇ 'ਚ ਹੈਦਰਾਬਾਦ ਦੀ ਰਹਿਣ ਵਾਲੀ 27 ਸਾਲਾ ਲੜਕੀ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਪੜ੍ਹਾਈ ਲਈ ਲੰਡਨ ਗਈ ਕੋਂਤਮ ਤੇਜਸਵਿਨੀ 'ਤੇ ਮੰਗਲਵਾਰ ਨੂੰ ਬ੍ਰਾਜ਼ੀਲ ਦੇ ਇਕ ਨਾਗਰਿਕ ਨੇ ਕਥਿਤ ਤੌਰ 'ਤੇ ਹਮਲਾ ਕੀਤਾ।

ਤੇਜਸਵਿਨੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮੈਟਰੋਪੋਲੀਟਨ ਪੁਲਿਸ ਦੇ ਅਨੁਸਾਰ, ਇੱਕ ਹੋਰ 28 ਸਾਲਾ ਲੜਕੀ ਨੂੰ ਚਾਕੂ ਦੇ ਜ਼ਖ਼ਮ ਕਾਰਣ ਹਸਪਤਾਲ ਲਿਜਾਇਆ ਗਿਆ, ਪਰ ਉਸ ਦੀਆਂ ਸੱਟਾਂ ਜਾਨਲੇਵਾ ਨਹੀਂ ਸਨ। ਇਹ ਘਟਨਾ ਵੈਂਬਲੇ ਦੇ ਨੀਲਡ ਕ੍ਰੇਸੈਂਟ ਇਲਾਕੇ 'ਚ ਵਾਪਰੀ।



ਹੈਦਰਾਬਾਦ 'ਚ ਰਹਿਣ ਵਾਲੇ ਤੇਜਸਵਿਨੀ ਦੇ ਚਚੇਰੇ ਭਰਾ ਵਿਜੇ ਨੇ ਦੱਸਿਆ ਕਿ ਮੁਲਜ਼ਮ ਬ੍ਰਾਜ਼ੀਲ ਦਾ ਵਿਅਕਤੀ ਸੀ ਅਤੇ ਇਕ ਹਫਤੇ ਤੋਂ ਵੀ ਘੱਟ ਸਮਾਂ ਪਹਿਲਾਂ ਤੇਜਸਵਿਨੀ ਜਿੱਥੇ ਆਪਣੇ ਦੋਸਤਾਂ ਨਾਲ ਰਹਿੰਦੀ ਸੀ, ਉੱਥੇ ਰਹਿਣ ਆਇਆ ਸੀ। ਦੱਸਿਆ ਜਾ ਰਿਹਾ ਹੈ ਕਿ ਤੇਜਸਵਿਨੀ ਪਿਛਲੇ ਸਾਲ ਮਾਰਚ 'ਚ ਆਪਣੀ ਮਾਸਟਰ ਡਿਗਰੀ ਕਰਨ ਲਈ ਲੰਡਨ ਗਈ ਸੀ।

ਇੱਕ ਬਿਆਨ ਵਿੱਚ, ਪੁਲਿਸ ਨੇ ਕਿਹਾ, "ਦੋ ਲੋਕਾਂ, ਇੱਕ 24 ਸਾਲਾ ਲੜਕਾ ਅਤੇ ਇੱਕ 23 ਸਾਲਾ ਲੜਕੀ ਨੂੰ ਕਤਲ ਦੇ ਸ਼ੱਕ ਵਿੱਚ ਅਪਰਾਧ ਦੇ ਸਥਾਨ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਵਿਅਕਤੀ ਹਿਰਾਸਤ ਵਿੱਚ ਹੈ, ਪਰ ਲੜਕੀ ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਹੁਣ ਇੱਕ ਹੋਰ ਸ਼ੱਕੀ ਵਿਅਕਤੀ, ਇੱਕ 23 ਸਾਲਾ ਵਿਅਕਤੀ, ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ।

## ਜੈਕ ਡੋਰਸੀ ਨੇ ਭਾਰਤ ਸਰਕਾਰ 'ਤੇ ਲਾਏ ਦੋਸ਼, 'ਕਿਸਾਨ ਅੰਦੋਲਨ ਦੌਰਾਨ ਭਾਰਤ 'ਚ ਮਿਲੀ ਸੀ ਟਵਿਟਰ ਬੰਦ ਕਰਨ ਦੀ ਧਮਕੀ'

ਵਾਸ਼ਿੰਗਟਨ, 15 ਜੂਨ (ਪੋਸਟ ਬਿਊਰੋ): ਸੋਸ਼ਲ ਮੀਡੀਆ ਪਲੇਟਫਾਰਮ ਟਵਿਟਰ ਦੇ ਸਾਬਕਾ ਸੀਈਓ ਜੈਕ ਡੋਰਸੀ ਨੇ ਇੱਕ ਵੱਡਾ ਦੋਸ਼ ਲਗਾਇਆ ਹੈ। ਜੈਕ ਡੋਰਸੀ ਦਾ ਕਹਿਣਾ ਹੈ ਕਿ ਭਾਰਤ 'ਚ ਖੇਤੀ ਕਾਨੂੰਨਾਂ ਦੇ ਖਿਲਾਫ ਪ੍ਰਦਰਸ਼ਨ ਦੌਰਾਨ ਸਰਕਾਰ ਨੇ ਕਈ ਟਵਿਟਰ ਅਕਾਊਂਟਸ ਨੂੰ ਬਲਾਕ ਕਰਨ ਦੇ ਨਿਰਦੇਸ਼ ਦਿੱਤੇ ਸਨ। ਡੋਰਸੀ ਨੇ ਦਾਅਵਾ ਕੀਤਾ ਕਿ ਭਾਰਤ ਸਰਕਾਰ ਵੱਲੋਂ ਉਸ 'ਤੇ ਦਬਾਅ ਪਾਇਆ ਗਿਆ ਅਤੇ ਭਾਰਤ 'ਚ ਟਵਿਟਰ ਨੂੰ ਬੰਦ ਕਰਨ ਦੀ ਧਮਕੀ ਦਿੱਤੀ ਗਈ।

ਤੁਹਾਨੂੰ ਦੱਸ ਦੇਈਏ ਕਿ ਇੱਕ



ਯੂਟਿਊਬ ਚੈਨਲ 'ਬ੍ਰੇਕਿੰਗ ਪੁਆਇੰਟਸ' ਨੇ ਟਵਿਟਰ ਦੇ ਸਾਬਕਾ ਸੀਈਓ ਜੈਕ ਡੋਰਸੀ ਦਾ ਇੰਟਰਵਿਊ ਲਿਆ ਸੀ। ਇਸ ਦੌਰਾਨ ਉਨ੍ਹਾਂ ਤੋਂ ਕਈ ਸਵਾਲ ਪੁੱਛੇ ਗਏ। ਇਨ੍ਹਾਂ ਵਿੱਚੋਂ ਇੱਕ ਸਵਾਲ ਇਹ ਵੀ ਸੀ ਕਿ ਕੀ ਕਦੇ ਕਿਸੇ ਸਰਕਾਰ ਵੱਲੋਂ ਉਸ ਉੱਤੇ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ ਗਈ ਸੀ? ਇਸ ਦੇ ਜਵਾਬ ਵਿੱਚ ਡੋਰਸੀ ਨੇ ਦੱਸਿਆ ਕਿ ਅਜਿਹਾ ਕਈ ਵਾਰ ਹੋਇਆ ਹੈ ਅਤੇ ਡੋਰਸੀ ਨੇ ਭਾਰਤ ਦੀ ਉਦਾਹਰਣ ਦਿੱਤੀ ਹੈ। ਡੋਰਸੀ ਨੇ ਕਿਹਾ ਕਿ 'ਸਰਕਾਰ ਵੱਲੋਂ ਉਨ੍ਹਾਂ ਦੇ ਮੁਲਾਜ਼ਮਾਂ ਦੇ ਘਰਾਂ 'ਤੇ ਛਾਪੇ ਮਾਰਨ ਦੀ ਗੱਲ ਚੱਲ ਰਹੀ ਸੀ। ਨਿਯਮਾਂ ਦੀ ਪਾਲਣਾ ਨਾ ਕਰਨ 'ਤੇ ਦਫ਼ਤਰ ਬੰਦ ਕਰਨ ਦੀ ਧਮਕੀ ਵੀ ਦਿੱਤੀ। ਡੋਰਸੀ ਨੇ ਕਿਹਾ ਕਿ ਇਹ ਸਭ ਕੁਝ ਭਾਰਤ ਵਰਗੇ ਲੋਕਤੰਤਰੀ ਦੇਸ਼ ਵਿੱਚ ਹੋਇਆ ਹੈ।

ਇਸੇ ਤਰ੍ਹਾਂ ਡੋਰਸੀ ਨੇ ਤੁਰਕੀ ਦੀ ਮਿਸਾਲ ਦਿੰਦਿਆਂ ਦੱਸਿਆ ਕਿ ਉੱਥੇ ਵੀ ਸਰਕਾਰ ਵੱਲੋਂ ਉਨ੍ਹਾਂ ਦੇ ਦੇਸ਼ 'ਚ ਟਵਿਟਰ ਨੂੰ ਬੰਦ ਕਰਨ ਦੀ ਧਮਕੀ ਦਿੱਤੀ ਗਈ ਸੀ। ਡੋਰਸੀ ਨੇ ਕਿਹਾ ਕਿ ਉਸ ਦੀ ਕੰਪਨੀ ਨੇ ਤੁਰਕੀ ਵਿੱਚ ਸਰਕਾਰ ਵਿਰੁੱਧ ਕਈ ਮੁਕੱਦਮੇ ਲੜੇ ਅਤੇ ਜਿੱਤੇ।

## ਨਾਈਜੀਰੀਆ 'ਚ ਕਿਸ਼ਤੀ ਪਲਟਣ ਕਾਰਨ 100 ਲੋਕਾਂ ਦੀ ਮੌਤ

* ਵਿਆਹ ਦੇ ਸਮਾਗਮ ਤੋਂ ਪਰਤ ਰਹੇ ਸਨ

ਅਬੂਜਾ, 15 ਜੂਨ (ਪੋਸਟ ਬਿਊਰੋ): ਉੱਤਰੀ ਨਾਈਜੀਰੀਆ ਵਿੱਚ ਇੱਕ ਵਿਆਹ ਤੋਂ ਪਰਤ ਰਹੇ ਲੋਕਾਂ ਨੂੰ ਲੈ ਕੇ ਜਾ ਰਹੀ ਇੱਕ ਕਿਸ਼ਤੀ ਦੇ ਪਲਟ ਜਾਣ ਕਾਰਨ ਕਰੀਬ 100 ਲੋਕਾਂ ਦੀ ਮੌਤ ਹੋ ਗਈ ਹੈ ਅਤੇ ਕਈ ਲਾਪਤਾ ਹਨ। ਪੁਲਸ ਅਤੇ ਸਥਾਨਕ ਨਿਵਾਸੀਆਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਿਸ ਬੁਲਾਰੇ ਊਕਾਸਾਨਮੀ ਨੇ ਦੱਸਿਆ ਕਿ ਸੋਮਵਾਰ ਤੜਕੇ ਗੁਆਂਢੀ ਨਾਈਜਰ ਰਾਜ ਦੇ ਕਵਾਰਾ ਰਾਜ ਵਿੱਚ ਨਾਈਜਰ ਨਦੀ ਵਿੱਚ ਕਿਸ਼ਤੀ ਪਲਟ ਗਈ।



ਸਥਾਨਕ ਨਿਵਾਸੀ ਉਸਮਾਨ ਇਬਰਾਹਿਮ ਨੇ ਦੱਸਿਆ ਕਿ ਪੀੜਤ ਔਰਤਾਂ ਅਤੇ ਬੱਚੇ ਨਾਈਜਰ ਰਾਜ ਦੇ ਇਗਬੋਤੀ ਪਿੰਡ ਵਿੱਚ ਰਾਤ ਭਰ ਚੱਲੇ ਵਿਆਹ ਸਮਾਗਮ ਤੋਂ ਵਾਪਸ ਆ ਰਹੇ ਸਨ। ਫਿਰ ਕਿਸ਼ਤੀ ਪਲਟ ਗਈ। ਕਿਸ਼ਤੀ ਵਿੱਚ 100 ਤੋਂ ਵੱਧ ਲੋਕ ਸਵਾਰ ਸਨ। ਉਨ੍ਹਾਂ ਦੱਸਿਆ ਕਿ ਇਹ ਹਾਦਸਾ ਤੜਕੇ 3 ਵਜੇ ਦੇ ਕਰੀਬ ਵਾਪਰਿਆ ਅਤੇ ਕਈਆਂ ਨੂੰ ਇਸ ਬਾਰੇ ਕੁਝ ਘੰਟਿਆਂ ਬਾਅਦ ਹੀ ਪਤਾ ਲੱਗਾ।

ਅਧਿਕਾਰੀ ਅਤੇ ਸਥਾਨਕ ਲੋਕ ਅਜੇ ਵੀ ਨਦੀ ਵਿੱਚ ਹੋਰ ਲਾਸ਼ਾਂ ਦੀ ਭਾਲ ਕਰ ਰਹੇ ਹਨ। ਨਾਈਜੀਰੀਆ ਦੇ ਬਹੁਤ ਸਾਰੇ ਦੂਰ-ਦੁਰਾਡੇ ਦੇ ਭਾਈਚਾਰਿਆਂ ਵਿੱਚ ਕਿਸ਼ਤੀ ਦੁਰਘਟਨਾਵਾਂ ਆਮ ਹਨ ਜਿੱਥੇ ਸਥਾਨਕ ਤੌਰ 'ਤੇ ਬਣੀਆਂ ਕਿਸ਼ਤੀਆਂ ਆਮ ਤੌਰ 'ਤੇ ਆਵਾਜਾਈ ਲਈ ਵਰਤੀਆਂ ਜਾਂਦੀਆਂ ਹਨ।

## ਫੌਜੀ ਅਭਿਆਸ ਦੌਰਾਨ ਸਿਪਾਹੀ ਨੇ ਆਪਣੇ ਹੀ ਸਾਥੀਆਂ 'ਤੇ ਚਲਾਈਆਂ ਗੋਲੀਆਂ, ਦੋ ਦੀ ਮੌਤ

ਟੋਕੀਓ, 15 ਜੂਨ (ਪੋਸਟ ਬਿਊਰੋ): ਜਾਪਾਨ ਵਿੱਚ ਸਿਖਲਾਈ ਕੇਂਦਰ ਵਿੱਚ ਅਭਿਆਸ ਦੌਰਾਨ ਦੋ ਲੋਕਾਂ ਦੀ ਮੌਤ ਹੋ ਗਈ। ਸਰਕਾਰੀ ਬੁਲਾਰੇ ਹੀਰੋਕਾਜ਼ੋ ਮਾਤ-ਸੁਨੋ ਨੇ ਕਿਹਾ ਕਿ ਘਟਨਾ ਤੋਂ ਬਾਅਦ ਸ਼ੱਕੀ ਨੂੰ ਹਿਰਾਸਤ 'ਚ ਲੈ ਲਿਆ ਗਿਆ ਹੈ। ਹਾਲਾਂਕਿ ਉਨ੍ਹਾਂ ਨੇ ਇਸ ਘਟਨਾ ਬਾਰੇ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ ਹੈ।

ਜ਼ਮੀਨੀ ਸਵੈ-ਰੱਖਿਆ ਬਲ ਨੇ ਇਕ ਬਿਆਨ ਵਿਚ ਕਿਹਾ, 'ਨਵੇਂ ਕਰਮਚਾਰੀਆਂ ਦੀ ਸਿਖਲਾਈ ਵਿਚ ਅਭਿਆਸ ਦੌਰਾਨ, ਇਕ ਸਵੈ-ਰੱਖਿਆ ਫੋਰਸ ਦੇ ਉਮੀਦਵਾਰ ਨੇ ਤਿੰਨ ਕਰਮਚਾਰੀਆਂ 'ਤੇ ਗੋਲੀਬਾਰੀ ਕੀਤੀ।'ਪੁਲਿਸ ਨੇ ਕਿਹਾ ਕਿ ਸ਼ੱਕੀ, ਇੱਕ 18 ਸਾਲਾ ਐਸਡੀਐਫ ਉਮੀਦਵਾਰ, ਨੂੰ



ਹੋਰ ਸਿਪਾਹੀਆਂ ਨੇ ਮੌਕੇ 'ਤੇ ਹਿਰਾਸਤ ਵਿੱਚ ਲੈ ਲਿਆ। ਉਨ੍ਹਾਂ ਕਿਹਾ ਕਿ ਉਮੀਦਵਾਰ 'ਤੇ 25 ਸਾਲਾ ਸਿਪਾਹੀ ਦੀ ਹੱਤਿਆ ਦੀ ਕੋਸ਼ਿਸ਼ ਕਰਨ ਦਾ ਦੋਸ਼ ਹੈ।

ਇੱਕ ਹਵਾਈ ਫੁਟੇਜ ਵਿੱਚ ਸੈਨਿਕਾਂ ਅਤੇ ਕੁਝ ਸਥਾਨਕ ਲੋਕਾਂ ਨੂੰ ਘਟਨਾ ਤੋਂ ਬਾਅਦ ਐਮਰਜੈਂਸੀ ਵਾਹਨ ਦੇ ਆਲੇ-ਦੁਆਲੇ ਖੜ੍ਹੇ ਦਿਖਾਇਆ ਗਿਆ ਹੈ ਅਤੇ ਪੁਲਿਸ ਕਰਮਚਾਰੀ ਸੜਕ ਨੂੰ ਰੋਕ ਰਹੇ ਹਨ। ਉਥੇ ਮੌਜੂਦ ਇਕ ਸਥਾਨਕ ਵਿਅਕਤੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਵੇਰੇ ਸਾਢੇ 9 ਵਜੇ ਉਸ ਨੇ ਐਮਰਜੈਂਸੀ ਵਾਹਨਾਂ ਨੂੰ ਉਸ ਇਲਾਕੇ ਵਿਚ ਜਾਂਦੇ ਦੇਖਿਆ, ਪਰ ਇਸ ਤੋਂ ਪਹਿਲਾਂ ਉਸ ਨੂੰ ਕਿਸੇ ਘਟਨਾ ਦੀ ਸੂਚਨਾ ਨਹੀਂ ਮਿਲੀ।

## ਦੀਵਾਲੀ 'ਤੇ ਹੁਣ ਨਿਊਯਾਰਕ 'ਚ ਹੋਵੇਗੀ ਸਰਕਾਰੀ ਛੁੱਟੀ, ਵਿਧਾਨ ਸਭਾ 'ਚ ਬਿਲ ਪਾਸ

ਨਿਊਯਾਰਕ, 15 ਜੂਨ (ਪੋਸਟ ਬਿਊਰੋ): ਨਿਊਯਾਰਕ ਰਾਜ ਵਿਧਾਨ ਸਭਾ ਨੇ ਦੀਵਾਲੀ 'ਤੇ ਸ਼ਹਿਰ ਦੇ ਸਕੂਲਾਂ ਲਈ ਛੁੱਟੀਆਂ ਬਾਰੇ ਕਾਨੂੰਨ ਪਾਸ ਕੀਤਾ ਹੈ। ਸੈਨੇਟ ਅਤੇ ਵਿਧਾਨ ਸਭਾ ਦੋਵਾਂ ਵਿੱਚ ਸੈਸ਼ਨ ਖ਼ਤਮ ਹੋਣ ਤੋਂ ਪਹਿਲਾਂ ਇਸ ਸਬੰਧ ਵਿੱਚ ਵੋਟਿੰਗ ਹੋਈ। ਹੁਣ ਇਸ ਸਬੰਧੀ ਕਾਨੂੰਨ ਬਣਾਉਣ ਲਈ ਬਿੱਲ ਨੂੰ ਗਵਰਨਰ ਕੈਥੀ ਹੋਚੁਲ ਨੂੰ ਭੇਜਿਆ ਗਿਆ ਹੈ, ਜਿੱਥੇ ਉਨ੍ਹਾਂ ਦੇ ਦਸਤਖਤ ਤੋਂ ਬਾਅਦ ਇਹ ਬਿੱਲ ਕਾਨੂੰਨ ਦਾ ਰੂਪ ਲੈ ਲਵੇਗਾ। ਇਸ ਨਾਲ ਨਿਊਯਾਰਕ ਵਿੱਚ ਰਹਿ ਰਹੇ ਭਾਰਤੀਆਂ ਵਿਚ ਖੁਸ਼ੀ ਦੀ ਲਹਿਰ ਹੈ। ਬਿੱਲ ਪੇਸ਼ ਕਰਦੇ ਹੋਏ ਵਿਧਾਨ ਸਭਾ ਮੈਂਬਰ ਜੈਨੀਫਰ ਰਾਜਕੁਮਾਰ ਨੇ ਕਿਹਾ ਕਿ ਦੀਵਾਲੀ ਨੂੰ ਸਕੂਲੀ ਛੁੱਟੀ ਬਣਾ ਕੇ ਦੱਖਣੀ ਏਸ਼ੀਆਈ, ਇੰਡੋ ਕੈਰੇਬੀਅਨ, ਹਿੰਦੂ, ਸਿੱਖ, ਬੋਧੀ ਅਤੇ ਜੈਨ ਭਾਈਚਾਰਿਆਂ ਦੇ ਸੱਭਿਆਚਾਰ ਦਾ ਸਨਮਾਨ ਕਰਨ ਦਾ ਇਹ ਸਹੀ ਸਮਾਂ ਹੈ।



ਉਨ੍ਹਾਂ ਕਿਹਾ ਕਿ ਦੀਵਾਲੀ ਮੌਕੇ ਐਲਾਨੀ ਛੁੱਟੀ ਦਾ ਲਾਭ ਲਗਭਗ 2 ਲੱਖ ਵਿਦਿਆਰਥੀਆਂ ਨੂੰ ਮਿਲੇਗਾ। ਇਸ ਤੋਂ ਪਹਿਲਾਂ ਸਾਲ 2021 ਅਤੇ 2022 ਵਿੱਚ ਇਸ ਕਾਨੂੰਨ ਨੂੰ ਪਾਸ ਕਰਨ ਦੀਆਂ ਦੋ ਕੋਸ਼ਿਸ਼ਾਂ ਅਸਫਲ ਰਹੀਆਂ ਹਨ। ਤੁਹਾਨੂੰ ਦੱਸ ਦੇਈਏ ਕਿ ਫਰਵਰੀ ਮਹੀਨੇ ਵਿੱਚ ਨਿਊਯਾਰਕ ਸਿਟੀ ਕਾਊਂਸਿਲ ਨੇ ਦੀਵਾਲੀ ਦੇ ਮੌਕੇ ਉੱਤੇ ਸਕੂਲ ਵਿੱਚ ਛੁੱਟੀ ਨੂੰ ਲੈ ਕੇ ਇੱਕ ਮਤਾ ਪਾਸ ਕੀਤਾ ਸੀ। ਇਹ ਪ੍ਰਸਤਾਵ ਕੌਂਸਲਵੁਮੈਨ ਲਿੰਡਾ ਦੁਆਰਾ ਪੇਸ਼ ਕੀਤਾ ਗਿਆ ਸੀ। ਦੀਵਾਲੀ ਬਾਰੇ ਕਾਨੂੰਨ ਤਾਂ ਹੀ ਬਣ ਸਕਦਾ ਹੈ ਜਦੋਂ ਹਰ ਕੋਈ ਇਸ ਨੂੰ ਰਾਜ ਪੱਧਰ 'ਤੇ ਸਵੀਕਾਰ ਕਰਦਾ ਹੈ। ਨਿਊਯਾਰਕ ਦੇ ਮੇਅਰ ਐਰਿਕ ਐਡਮਜ਼ ਨੇ ਇਸ ਕਾਨੂੰਨ ਦਾ ਸਮਰਥਨ ਕੀਤਾ। ਜਦਕਿ ਪਹਿਲਾਂ ਮੇਅਰ, ਸਕੂਲਾਂ ਦੇ ਚਾਂਸਲਰ ਇਸ ਕਾਨੂੰਨ ਦਾ ਵਿਰੋਧ ਕਰਦੇ ਰਹੇ ਹਨ। ਦੱਸ ਦੇਈਏ ਕਿ ਇਸ ਕਾਨੂੰਨ ਦਾ ਲਾਭ ਸਿੱਧਾ ਭਾਰਤੀ ਭਾਈਚਾਰੇ ਨਾਲ ਸਬੰਧਤ ਲੋਕਾਂ ਨੂੰ ਮਿਲੇਗਾ। ਉਨ੍ਹਾਂ ਨੂੰ ਦੀਵਾਲੀ ਮੌਕੇ ਸਰਕਾਰੀ ਛੁੱਟੀ ਦਾ ਲਾਭ ਮਿਲੇਗਾ।

## ਆਈਸਲੈਂਡ ਮਾਸਕੋ 'ਚ ਆਪਣਾ ਦੂਤਾਵਾਸ ਕਰੇਗਾ ਬੰਦ, ਫੈਸਲੇ 'ਤੇ ਰੂਸ ਗੁੱਸੇ 'ਚ



ਮਾਸਕੋ, 15 ਜੂਨ (ਪੋਸਟ ਬਿਊਰੋ): ਆਈਸਲੈਂਡ ਅਤੇ ਰੂਸ ਦੇ ਸਬੰਧ ਸੁਧਰਨ ਦੀ ਬਜਾਏ ਵਿਗੜਦੇ ਜਾ ਰਹੇ ਹਨ। ਹਾਲ ਹੀ ਵਿੱਚ ਰੇਕਜਾਵਿਕ ਨੇ ਮਾਸਕੋ ਵਿੱਚ ਆਪਣਾ ਦੂਤਾਵਾਸ ਬੰਦ ਕਰਨ ਦਾ ਫੈਸਲਾ ਕੀਤਾ ਹੈ। ਨਾਲ ਹੀ ਰੂਸ ਨੂੰ ਰੇਕਜਾਵਿਕ 'ਚ ਆਪਣੀਆਂ ਕਾਰਵਾਈਆਂ ਬੰਦ ਕਰਨ ਲਈ ਕਿਹਾ। ਰੂਸ ਇਸ ਨੂੰ ਲੈ ਕੇ ਨਾਰਾਜ਼ ਹੈ। ਉਨ੍ਹਾਂ ਨੇ ਆਈਸਲੈਂਡ 'ਤੇ ਦੇਸ਼ਾਂ ਦੇ ਸਬੰਧਾਂ ਨੂੰ ਵਿਗਾੜਨ ਦਾ ਦੋਸ਼ ਲਗਾਇਆ।


ਰੂਸ ਨੇ ਸ਼ਨੀਵਾਰ ਨੂੰ ਕਿਹਾ ਕਿ ਉਹ ਜਵਾਬ ਦੇਵੇਗਾ ਜਦੋਂ ਆਈਸਲੈਂਡ ਮਾਸਕੋ ਵਿੱਚ ਆਪਣੇ ਦੂਤਾਵਾਸ ਦੇ ਕੰਮਕਾਜ ਨੂੰ ਮੁਅੱਤਲ ਕਰਨ ਵਾਲਾ ਪਹਿਲਾ ਦੇਸ਼ ਬਣ ਜਾਵੇਗਾ। ਰੂਸ ਵਲੋਂ ਵਿਰੋਧੀ ਕਾਰਵਾਈਆਂ ਦਾ ਜ਼ਰੂਰ ਜਵਾਬ ਦਿੱਤਾ ਜਾਵੇਗਾ। ਰੂਸੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਆਈਸਲੈਂਡ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਵਿਗਾੜ ਰਿਹਾ ਹੈ।

ਮੰਤਰਾਲੇ ਨੇ ਅੱਗੇ ਕਿਹਾ ਕਿ ਇਸ ਕਦਮ ਨਾਲ ਅਸੀਂ ਆਉਣ ਵਾਲੇ ਸਮੇਂ ਲਈ ਚੌਕਸ ਹੋਵਾਂਗੇ। ਅਸੀਂ ਇਸ ਫੈਸਲੇ ਨੂੰ ਆਈਸਲੈਂਡ ਨਾਲ ਆਪਣੀ ਭਵਿੱਖੀ ਸ਼ਮੂਲੀਅਤ ਨੂੰ ਧਿਆਨ ਵਿੱਚ ਰੱਖਾਂਗੇ। ਜ਼ਿਕਰਯੋਗ ਹੈ ਕਿ ਆਈਸਲੈਂਡ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਹ 1 ਅਗਸਤ ਤੋਂ ਮਾਸਕੋ ਸਥਿਤ ਆਪਣੇ ਦੂਤਾਵਾਸ 'ਚ ਕੰਮ ਬੰਦ ਕਰ ਦੇਵੇਗਾ। ਇਸ ਨੇ ਰੂਸ ਨੂੰ ਰੇਕਜਾਵਿਕ ਵਿੱਚ ਆਪਣੀਆਂ ਕਾਰਵਾਈਆਂ ਨੂੰ ਸੀਮਤ ਕਰਨ ਲਈ ਵੀ ਕਿਹਾ ਹੈ। ਵਿਦੇਸ਼ ਮੰਤਰੀ ਥੋਰੀਸ ਗਿਲਫਡੋਟੀਰ ਨੇ ਕਿਹਾ ਕਿ ਮੌਜੂਦਾ ਸਥਿਤੀ ਵਿੱਚ ਆਈਸਲੈਂਡ ਦੀ ਛੋਟੀ ਵਿਦੇਸ਼ੀ ਸੇਵਾ ਲਈ ਰੂਸ ਵਿੱਚ ਦੂਤਾਵਾਸ ਚਲਾਉਣਾ ਆਸਾਨ ਨਹੀਂ ਹੈ।

## ਸਪੇਸਐਕਸ ਵਿਚ ਸਭ ਤੋਂ ਘੱਟ ਉਮਰ ਦਾ ਨੌਜਵਾਨ ਸਪੇਸ ਇੰਜੀਨੀਅਰ ਬਣਿਆ 14 ਸਾਲਾ ਕੈਰਨ ਕਾਜੀ

ਲਾਸ ਏਂਜਲਸ, 15 ਜੂਨ (ਪੋਸਟ ਬਿਊਰੋ): ਲਾਸ ਏਂਜਲਸ ਦੇ 14 ਸਾਲਾਂ ਕੈਰਨ ਕਾਜੀ ਨੂੰ ਐਲਨ ਮਸਕ ਦੀ ਕੰਪਨੀ ਸਪੇਸਐਕਸ ਨੇ ਇੱਕ ਸਾਫਟਵੇਅਰ ਇੰਜੀਨੀਅਰ ਵਜੋਂ ਨਿਯੁਕਤ ਕੀਤਾ ਹੈ। ਕੈਰਨ ਨੇ ਹਾਲ ਹੀ ਵਿੱਚ ਕੰਪਨੀ ਦੇ ਤਕਨੀਕੀ ਤੌਰ 'ਤੇ ਚੁਣੌਤੀਪੂਰਨ ਅਤੇ ਮਜ਼ੇਦਾਰ ਇੰਟਰਵਿਊ ਨੂੰ ਕਲੀਅਰ ਕੀਤਾ ਹੈ। ਇਸ ਤੋਂ ਬਾਅਦ ਕੈਰਨ ਨੂੰ ਇਹ ਨੌਕਰੀ ਦੀ ਪੇਸ਼ਕਸ਼ ਕੀਤੀ ਗਈ ਹੈ।

ਇਹ ਵੱਖਰੀ ਗੱਲ ਹੈ ਕਿ ਉਹ ਇਸ ਮਹੀਨੇ ਦੇ ਅੰਤ ਵਿੱਚ ਸੈਂਟਾ ਕਲਾਰਾ ਯੂਨੀਵਰਸਿਟੀ ਤੋਂ ਕੰਪਿਊਟਰ ਇੰਜਨੀਅਰਿੰਗ ਵਿੱਚ ਆਪਣੀ ਗ੍ਰੈਜੂਏਸ਼ਨ ਪੂਰੀ ਕਰ ਲਵੇਗਾ। ਆਮ ਤੌਰ 'ਤੇ ਅਮਰੀਕਾ ਵਿੱਚ ਗ੍ਰੈਜੂਏਸ਼ਨ ਦੀ ਡਿਗਰੀ 22 ਸਾਲ ਦੀ ਉਮਰ ਵਿੱਚ ਪੂਰੀ ਕੀਤੀ ਜਾਂਦੀ ਹੈ। ਸੋਸ਼ਲ ਮੀਡੀਆ 'ਤੇ ਇਕ ਪੋਸਟ 'ਚ ਕੈਰਨ ਨੇ ਕਿਹਾ, 'ਮੈਂ'ਤੁਸੀਂ ਇਕ ਸਾਫਟਵੇਅਰ ਇੰਜੀਨੀਅਰ ਦੇ ਤੌਰ 'ਤੇ ਧਰਤੀ ਦੀ ਸਭ ਤੋਂ ਵਧੀਆ



ਕੰਪਨੀ ਦੀ ਟੀਮ ਨਾਲ ਜੁੜ ਰਿਹਾ ਹਾਂ। ਇਹ ਉਹਨਾਂ ਕੰਪਨੀਆਂ ਵਿੱਚੋਂ ਇੱਕ ਹੈ ਜੋ ਪ੍ਰਤਿਭਾ ਨੂੰ ਵੇਖਦੀ ਹੈ ਨਾ ਕਿ ਉਮਰ ਨੂੰ, ਇਸ ਵਿੱਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਯੁੱਗ ਵਿੱਚ ਹੁਣ ਤੱਕ ਕੋਈ ਵੀ ਅਜਿਹਾ ਨਹੀਂ ਕਰ ਸਕਿਆ ਹੈ।

ਸਪੇਸਐਕਸ ਤੋਂ ਨੌਕਰੀ ਦੀ ਪੇਸ਼ਕਸ਼ ਮਿਲਣ ਤੋਂ ਬਾਅਦ ਉਹ ਦੁਨੀਆਂ ਦਾ ਸਭ ਤੋਂ ਘੱਟ ਉਮਰ ਦਾ ਨੌਜਵਾਨ ਸਪੇਸ ਇੰਜੀਨੀਅਰ ਬਣ ਗਿਆ ਹੈ। ਉਹ ਹੁਣ ਦੁਨੀਆ ਦੇ ਸਭ ਤੋਂ ਪ੍ਰਤਿਭਾਸ਼ਾਲੀ ਅਤੇ ਮਸ਼ਹੂਰ ਕੰਪਿਊਟਰ ਇੰਜੀਨੀਅਰਾਂ ਨਾਲ ਕੰਮ ਕਰੇਗਾ ਅਤੇ ਪੁਲਾੜ ਯਾਨ ਨੂੰ ਡਿਜ਼ਾਈਨ ਕਰਨ ਵਿੱਚ ਮੱਦਦ ਕਰੇਗਾ।

ਦੱਸਿਆ ਜਾਂਦਾ ਹੈ ਕਿ ਜਦੋਂ ਕੈਰਨ ਦੋ ਸਾਲ ਦਾ ਸੀ, ਉਦੋਂ ਹੀ ਉਸ ਦੇ ਮਾਤਾ-ਪਿਤਾ ਨੂੰ ਅਹਿਸਾਸ ਹੋਇਆ ਕਿ ਪੁੱਤਰ ਆਮ ਨਹੀਂ ਹੈ, ਕਿਉਂਕਿ ਉਦੋਂ ਹੀ ਉਹ ਪੂਰੇ ਵਾਕ ਬੋਲ ਸਕਦਾ ਸੀ। ਜਿਹੜੀਆਂ ਖ਼ਬਰਾਂ ਉਹ ਟੀ.ਵੀ.-ਰੇਡੀਓ 'ਤੇ ਸੁਣਦਾ ਸੀ, ਉਹ ਸਕੂਲ ਜਾ ਕੇ ਅਧਿਆਪਕਾਂ ਤੇ ਹੋਰ ਬੱਚਿਆਂ ਨੂੰ ਸੁਣਾਉਂਦਾ ਸੀ। ਜਦੋਂ ਉਹ ਤੀਸਰੀ ਕਲਾਸ ਵਿਚ ਆਇਆ ਤਾਂ ਅਧਿਆਪਕਾਂ ਨੂੰ ਇਹ ਗੱਲ ਸਪੱਸ਼ਟ ਹੋ ਗਈ ਸੀ ਕਿ ਇਸ ਬੱਚੇ ਦੀ ਸਿੱਖਣ ਦੀ ਕਾਬਲੀਅਤ ਇੰਨੀ ਤੇਜ਼ ਹੈ ਕਿ ਉਹ ਕੁਝ ਮਿੰਟਾਂ ਵਿਚ ਪੂਰਾ ਚੈਪਟਰ ਯਾਦ ਕਰ ਸਕਦਾ ਹੈ।

ਉਹ ਆਪਣੀ ਉਮਰ ਦੇ ਬੱਚਿਆਂ ਨਾਲੋਂ ਜ਼ਿਆਦਾ ਸਿਆਣਾ ਲੱਗਦਾ ਸੀ, ਉਸੇ ਤਰ੍ਹਾਂ ਗੱਲ ਕਰਦਾ ਸੀ। ਕੈਰਨ ਨੇ ਪਹਿਲਾਂ ਵੀ ਕਈ ਕੰਪਨੀਆਂ ਲਈ ਕੰਪਿਊਟਰ ਨਾਲ ਸਬੰਧਤ ਸਮੱਸਿਆਵਾਂ ਦਾ ਹੱਲ ਕੀਤਾ ਹੈ।

## ਅਫਗਾਨਿਸਤਾਨ ਦੇ ਸੱਤ ਸੂਬਿਆਂ 'ਚ ਮੀਂਹ ਅਤੇ ਹੜ੍ਹ ਕਾਰਨ ਤਬਾਹੀ, ਹੋਈਆਂ 6 ਮੌਤਾਂ

ਕਾਬੁਲ, 15 ਜੂਨ (ਪੋਸਟ ਬਿਊਰੋ): ਤਾਲਿਬਾਨ ਦੀ ਅਗਵਾਈ ਵਾਲੇ ਰਾਜ ਦੇ ਆਫ਼ਤ ਪ੍ਰਬੰਧਨ ਮੰਤਰਾਲੇ ਨੇ ਕਿਹਾ ਕਿ ਮੀਂਹ ਅਤੇ ਹੜ੍ਹਾਂ ਕਾਰਨ ਸੱਤ ਸੂਬਿਆਂ ਵਿੱਚ ਛੇ ਲੋਕਾਂ ਦੀ ਮੌਤ ਹੋ ਗਈ ਅਤੇ ਅੱਠ ਹੋਰ ਜ਼ਖ਼ਮੀ ਹੋ ਗਏ। ਤਾਲਿਬਾਨ ਦੀ ਅਗਵਾਈ ਵਾਲੇ ਕੁਦਰਤੀ ਆਫ਼ਤ ਪ੍ਰਬੰਧਨ ਮੰਤਰਾਲੇ ਦੇ ਬੁਲਾਰੇ ਸ਼ਫੀਉੱਲ੍ਹਾ ਰਹੀਮੀ ਨੇ ਕਿਹਾ ਕਿ ਅਫਗਾਨਿਸਤਾਨ ਦੇ ਕਈ ਸੂਬਿਆਂ 'ਚ ਆਏ ਹੜ੍ਹਾਂ ਦੌਰਾਨ ਛੇ ਲੋਕ ਮਾਰੇ ਗਏ ਅਤੇ ਅੱਠ ਜ਼ਖਮੀ ਹੋ ਗਏ। ਹੜ੍ਹ



ਕਾਰਨ 30 ਘਰ ਤਬਾਹ ਹੋ ਗਏ ਅਤੇ ਸੈਂਕੜੇ ਪਸ਼ੂ ਮਾਰੇ ਗਏ। ਅਫਗਾਨਿਸਤਾਨ ਦੇ ਕਈ ਸੂਬੇ ਹੜ੍ਹ ਅਤੇ ਤੂਫਾਨ ਨਾਲ ਪ੍ਰਭਾਵਿਤ ਹੋਏ ਹਨ। ਇਨ੍ਹਾਂ ਵਿੱਚ ਕੁਨਾਰ, ਨੂਰਿਸਤਾਨ, ਬਦਖਸ਼ਾਨ, ਪਕਤੀਆ, ਤਖਾਰ, ਘੋਰ ਅਤੇ ਪਰਵਾਨ ਸ਼ਾਮਲ ਹਨ। ਅਫਗਾਨਿਸਤਾਨ ਦੇ ਮੌਸਮ ਵਿਭਾਗ ਮੁਤਾਬਕ ਇਸ ਤੋਂ ਪਹਿਲਾਂ ਸਲੰਗ ਅਤੇ ਬਦਖਸਤਾਨ, ਤਖਾਰ, ਬਘਲਾਨ, ਨੂਰਿਸਤਾਨ, ਕੁਨਾਰ, ਲਘਮਾਨ, ਕਾਬੁਲ, ਲੋਗਰ, ਮੈਦਾਨ ਵਾਰਦਕ, ਪਰਵਾਨ ਅਤੇ ਕਪੀਸਾ ਸੂਬਿਆਂ 'ਚ 10 ਤੋਂ 25 ਮਿਲੀਮੀਟਰ ਬਾਰਿਸ਼ ਦਰਜ ਕੀਤੀ ਗਈ ਸੀ।

## ਐਮਾਜ਼ਾਨ ਦੇ ਜੰਗਲ ਵਿੱਚ 40 ਦਿਨਾਂ ਤੱਕ ਪੌਦੇ ਖਾ ਕੇ ਬਚੇ ਚਾਰ ਬੱਚੇ

* ਜਹਾਜ਼ ਹਾਦਸੇ ਵਿਚ ਹੋ ਗਏ ਸਨ ਲਾਪਤਾ

ਖਾਕਵੇਟਾ, 15 ਜੂਨ (ਪੋਸਟ ਬਿਊਰੋ): ਚਾਲੀ ਦਿਨ ਪਹਿਲਾਂ ਕੋਲੰਬੀਆ ਦੇ ਐਮਾਜ਼ਾਨ ਦੇ ਜੰਗਲਾਂ ਵਿੱਚ ਇੱਕ ਜਹਾਜ਼ ਹਾਦਸਾਗ੍ਰਸਤ ਹੋ ਗਿਆ ਸੀ। ਇਸ ਘਟਨਾ ਤੋਂ ਬਾਅਦ ਖ਼ਬਰ ਆਈ ਕਿ ਜਹਾਜ਼ ਵਿਚ ਸਵਾਰ ਸਾਰੇ ਲੋਕ ਮਾਰੇ ਗਏ ਹਨ। ਹੁਣ ਦੱਸਿਆ ਗਿਆ ਹੈ ਕਿ ਇਸ ਜਹਾਜ਼ ਵਿਚ ਸਵਾਰ ਚਾਰ ਬੱਚੇ ਜ਼ਿੰਦਾ ਮਿਲੇ ਹਨ। ਇਹ ਸਾਰੇ ਭੈਣ-ਭਰਾ ਹਨ। ਦੱਸਿਆ ਜਾ ਰਿਹਾ ਹੈ ਕਿ ਆਪਣੀ ਜਾਨ ਬਚਾਉਣ ਲਈ ਉਸ ਨੇ ਜੰਗਲ ਵਿਚ ਬੀਜ, ਜੜ੍ਹਾਂ ਅਤੇ ਪੌਦੇ ਖਾ ਕੇ ਦਿਨ ਕੱਟੇ।

ਇਨ੍ਹਾਂ ਭੈਣਾਂ-ਭਰਾਵਾਂ ਨੂੰ ਕੋਲੰਬੀਆ ਦੇ ਕਾਕਵੇਟਾ ਅਤੇ ਗੁਆਵੀਏਰ ਪ੍ਰਾਂਤਾਂ ਵਿਚਕਾਰ ਫੌਜ ਅਤੇ ਸੰਗਠਨਾਂ ਦੁਆਰਾ ਇੱਕ ਬਚਾਅ ਮੁਹਿੰਮ ਦੁਆਰਾ ਬਚਾਇਆ ਗਿਆ ਸੀ। ਨੈਸ਼ਨਲ ਆਰਗੇਨਾਈਜ਼ੇਸ਼ਨ ਆਫ਼ ਇੰਡੀਜੇਨਸ ਪੀਪਲਜ਼ ਆਫ਼ ਕੋਲੰਬੀਆ ਦਾ ਕਹਿਣਾ



ਹੈ ਕਿ ਬੱਚਿਆਂ ਦਾ ਬਚਣਾ ਇਸ ਗੱਲ ਦਾ ਸੰਕੇਤ ਹੈ ਕਿ ਉਨ੍ਹਾਂ ਨੂੰ ਕੁਦਰਤੀ ਵਾਤਾਵਰਣ ਅਤੇ ਇਸ ਨਾਲ ਉਨ੍ਹਾਂ ਦੇ ਸਬੰਧਾਂ ਬਾਰੇ ਕਿੰਨਾ ਗਿਆਨ ਸੀ, ਜੋ ਮਾਂ ਦੇ ਗਰਭ ਵਿੱਚ ਸ਼ੁਰੂ ਹੁੰਦਾ ਹੈ।

ਰਾਸ਼ਟਰਪਤੀ ਗੁਸਤਾਵੋ ਪੈਟਰੋ ਨੇ ਓਐਨਆਈਸੀ ਅਤੇ ਸੈਨਿਕਾਂ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਇਹ ਜੰਗਲ ਲਈ ਸਨਮਾਨ ਨੂੰ ਦਰਸਾਉਂਦਾ ਹੈ। ਸਿਪਾਹੀਆਂ ਨੇ ਤਲਾਸ਼ੀ ਦੌਰਾਨ 20 ਦਿਨਾਂ ਤੱਕ ਦੇਸੀ ਟਰੈਕਰਾਂ ਦੇ ਨਾਲ-ਨਾਲ ਕੰਮ ਕੀਤਾ। ਫੌਜ ਦੇ ਹੈਲੀਕਾਪਟਰਾਂ ਨੇ ਬੱਚਿਆਂ ਦੀ ਦਾਦੀ ਦੀ ਇੱਕ ਰਿਕਾਰਡਿੰਗ ਪ੍ਰਸਾਰਿਤ ਕੀਤੀ, ਜਿਸ ਵਿੱਚ ਉਨ੍ਹਾਂ ਨੂੰ ਸਵਦੇਸ਼ੀ ਹੂਇਟੋਟੋ ਭਾਸ਼ਾ ਵਿੱਚ, ਬਚਾਅਕਰਤਾ ਦੇ ਪਹੁੰਚਣ ਤੱਕ ਰੁਕਣ ਲਈ ਕਿਹਾ ਗਿਆ।

ਜਾਣਕਾਰੀ ਮੁਤਾਬਿਕ 1 ਮਈ ਨੂੰ ਸੇਸਨਾ ਨਾਂ ਦੀ ਕੰਪਨੀ ਦਾ ਸਿੰਗਲ ਇੰਜਣ ਵਾਲਾ ਪ੍ਰੋਪੈਲਰ ਜਹਾਜ਼ ਕਰੈਸ਼ ਹੋ ਗਿਆ ਸੀ। ਇਹ ਜਹਾਜ਼ ਸੱਤ ਲੋਕਾਂ ਨੂੰ ਲੈ ਕੇ ਐਮਾਜ਼ਾਨ ਸੂਬੇ ਦੇ ਸੈਨ ਜੋਸ ਡੇਲ ਅਮੇਜ਼ਨ ਸ਼ਹਿਰ ਜਾ ਰਿਹਾ ਸੀ। ਇੰਜਣ ਫੇਲ ਹੋਣ ਕਾਰਨ ਜਹਾਜ਼ ਰਡਾਰ ਤੋਂ ਬਾਹਰ ਹੋ ਗਿਆ ਸੀ। ਜਿਸ ਤੋਂ ਬਾਅਦ ਇਹ ਹਾਦਸਾ ਵਾਪਰਿਆ। ਇਸ ਤੋਂ ਬਾਅਦ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਗਈ ਪਰ ਸਿਰਫ਼ ਤਿੰਨ ਲੋਕਾਂ ਦੀਆਂ ਲਾਸ਼ਾਂ ਮਿਲੀਆਂ। ਜਦਕਿ ਚਾਰ ਬੱਚੇ ਲਾਪਤਾ ਹੋ ਗਏ ਸਨ। ਪਰ ਅਧਿਕਾਰੀਆਂ ਨੇ ਉਨ੍ਹਾਂ ਦੀ ਤਲਾਸ਼ੀ ਮੁਹਿੰਮ ਬੰਦ ਨਹੀਂ ਕੀਤੀ ਸੀ। ਅਧਿਕਾਰੀਆਂ ਨੂੰ ਸ਼ੱਕ ਸੀ ਕਿ ਬੱਚੇ ਬਚ ਗਏ ਹਨ।

# ਮੋਗੇ ਦਾ ਮੋਜ਼ੇਕ ਕਲਾਕਾਰ ਹਰਜੀਤ ਸਿੰਘ ਸੰਧੂ

-ਪ੍ਰਿੰ. ਸਰਵਣ ਸਿੰਘ-

ਹਰਜੀਤ ਸੰਧੂ ਛੁਪਿਆ ਰੁਸਤਮ ਹੈ। ਉਸ ਬਾਰੇ ਦੋ ਪੁਸਤਕਾਂ ਛਪੀਆਂ ਹਨ। ਪੰਜਾਬੀ ਵਿਚ ਛਪੀ ਪੁਸਤਕ 'ਪੋਟੇ ਬੋਲ ਪਏ' ਦਾ ਲੇਖਕ ਬਲਦੇਵ ਸਿੰਘ ਸੜਕਨਾਮਾ ਹੈ ਤੇ ਅੰਗਰੇਜ਼ੀ 'ਚ ਛਪੀ 'ਰੀਵਿਜ਼ਟਿੰਗ ਦੀ ਪਾਸਟ ਐਂਡ ਪ੍ਰੈਜ਼ੈਂਟ ਥਰੂ ਕਲਰਡ ਮਿਰਰਜ਼' ਦੀ ਲੇਖਿਕਾ ਪੰਜਾਬੀ ਯੂਨੀਵਰਸਿਟੀ ਦੇ ਫਾਈਨ ਆਰਟਸ ਵਿਭਾਗ ਦੀ ਸਾਬਕਾ

ਮੁਖੀ ਪ੍ਰੋ. (ਡਾ.) ਸਰੋਜ ਰਾਣੀ। ਪੀਟੀ ਮਾਸਟਰ ਹਰਜੀਤ ਸੰਧੂ ਨੂੰ 1970ਵਿਆਂ ਤੋਂ ਜਾਣਦਾ ਹਾਂ। ਉਦੋਂ ਉਹ ਤਸੀਲ ਮੋਗੇ ਦੇ ਸਕੂਲਾਂ ਦੀਆਂ ਖੇਡਾਂ ਦਾ ਧੁਰਾ ਹੁੰਦਾ ਸੀ। ਖਿਡਾਰੀ ਤੋਂ ਮੋਜ਼ੇਕ ਕਲਾਕਾਰ ਤਾਂ ਉਹ ਨਿਊਯਾਰਕ ਜਾ ਕੇ ਬਣਿਆ ਜਿਸ ਦੀ ਦਿਲਚਸਪ ਕਹਾਣੀ ਇਨ੍ਹਾਂ ਕਿਤਾਬਾਂ 'ਚੋਂ ਪੜ੍ਹੀ ਜਾ ਸਕਦੀ ਹੈ। ਵੇਖਣ ਨੂੰ ਉਹ ਓਡਾ ਵੱਡਾ ਕਲਾਕਾਰ ਨਹੀਂ ਲੱਗਦਾ ਜਿੱਡਾ ਹੈਗਾ। ਅਸਲੋਂ ਸਾਧਾਰਨ ਜਿਹਾ ਜਾਪਦੈ। ਪੱਕਾ ਰੰਗ, ਕਰੜ ਬਰੜੀ ਦਾੜ੍ਹੀ, ਸੰਘਣੀਆਂ ਸਿਹਲੀਆਂ, ਭਿੱਜੀਆਂ ਅੱਖਾਂ, ਫੁੱਲੀਆਂ ਗੱਨੀਆਂ, ਢਾਲੂ ਮੁੱਛਾਂ, ਅੱਟਣਾਂ ਵਾਲੇ ਹੱਥ ਤੇ ਝਰੀਟੀਆਂ ਉਂਗਲਾਂ। ਚੁੱਪ ਰਹੇ ਤਾਂ ਚੁੱਪ, ਪਰ ਜਦੋਂ ਬੋਲਦੈ ਤਾਂ ਵਾਰੀ ਨਹੀਂ ਲੈਣ ਦਿੰਦਾ। ਤੇਜ਼ਤਰਾਰ ਗੱਲਾਂ ਕਰਦਾ ਬੜਬੋਲਾ ਵੀ ਲੱਗਦੈ। ਪਰ ਚੁਹੱਤਰ ਸਾਲਾਂ ਦਾ ਹੋ ਕੇ ਵੀ ਜੁਆਨ ਦਿਸਦੈ। ਉਹਦੀ ਮੋਜ਼ੇਕੀ ਦੀਆਂ ਧੁੰਮਾਂ ਹੁਣ ਮੋਗੇ, ਚੰਡੀਗੜ੍ਹ ਤੇ ਦਿੱਲੀ ਤੋਂ ਨਿਊ ਯਾਰਕ ਤਕ ਪੈਣ ਲੱਗੀਆਂ ਹਨ।


ਪੰਜਾਹ ਕੁ ਸਾਲ ਪਹਿਲਾਂ ਮੈਂ ਉਸ ਨੂੰ ਢੁੱਡੀਕੇ ਦੇ ਖੇਡ ਮੇਲੇ ਵਿਚ ਫੁੱਟਬਾਲ ਖੇਡਦੇ ਵੇਖਿਆ ਸੀ। ਉਹਦੀਆਂ ਕਿੱਕਾਂ 'ਚ ਜਾਨ ਸੀ। ਪੈਰਾਂ 'ਚ ਤੇਜ਼ੀ ਸੀ ਤੇ ਪਾਸ ਦਿੰਦਾ ਲੈਂਦਾ ਖੇਡ ਦੀ ਸੋਹਣੀ ਕਲਾਕਾਰੀ ਵਿਖਾ ਰਿਹਾ ਸੀ। ਉਦੋਂ ਉਹ ਫੁੱਟਬਾਲ ਦਾ ਖਿਡਾਰੀ ਸੀ, ਫਿਰ ਕਈ ਸਾਲ ਸਕੂਲਾਂ 'ਚ ਪੀਟੀ ਮਾਸਟਰ ਰਿਹਾ ਤੇ ਹੁਣ ਹਰਫ਼ਨ ਮੌਲਾ ਕਲਾਕਾਰ ਹੈ। ਕੱਚ ਦੀਆਂ ਰੰਗ ਬਰੰਗੀਆਂ ਟੁਕੜੀਆਂ ਨਾਲ ਕਲਾਤਮਿਕ ਚਿੱਤਰ ਚਿੱਤਰਨ ਵਾਲਾ। ਲਲਿਤ ਕਲਾ ਅਕੈਡਮੀ ਚੰਡੀਗੜ੍ਹ ਤੋਂ ਲੈ ਕੇ ਦਿੱਲੀ, ਟੋਰਾਂਟੋ ਤੇ ਨਿਊ ਯਾਰਕ ਦੇ ਨਾਮਵਰ ਕਲਾ ਕਦਰਦਾਨਾਂ ਵੱਲੋਂ ਉਸ ਨੂੰ ਅਨੇਕਾਂ ਐਵਾਰਡ ਮਿਲੇ ਹਨ। ਮੋਜ਼ੇਕ ਕਲਾ ਦੀ ਚੇਟਕ ਉਸ ਨੂੰ ਰੌਕ ਗਾਰਡਨ ਚੰਡੀਗੜ੍ਹ ਵਿਚ ਟੁੱਟੀਆਂ ਭੱਜੀਆਂ ਵਸਤਾਂ ਦੀ ਜੋੜਵੀਂ ਕਲਾ ਵੇਖ ਕੇ ਲੱਗੀ ਸੀ। ਉਹ ਤਨੋ ਮਨੋ ਨੇਕ ਚੰਦ ਨੂੰ ਆਪਣਾ ਉਸਤਾਦ ਮੰਨਦਾ ਹੈ।

ਦਰਸ਼ਕ ਹੈਰਾਨ ਹੁੰਦੇ ਹਨ ਕਿ ਉਹ ਰੰਗ ਬਰੰਗੇ ਕੱਚ ਦੇ ਟੁਕੜਿਆਂ ਨੂੰ ਕੱਟ ਤਰਾਸ਼ ਕੇ ਫਿਰ ਉਨ੍ਹਾਂ ਦੀਆਂ ਨਿੱਕੀਆਂ-ਨਿੱਕੀਆਂ ਟਿੱਕੀਆਂ ਤੇ ਕਣ ਬਣਾ ਕੇ ਚਿੱਤਰ 'ਚ ਜੋੜ ਕਿਵੇਂ ਲੈਂਦੈ? ਕਿਵੇਂ ਉਹ ਬਾਬਾ ਫਰੀਦ ਦੇ ਦੁਆਵਾਂ ਮੰਗਦੇ ਹੱਥ ਬਣ ਜਾਂਦੀਆਂ ਨੇ, ਕਿਵੇਂ ਬੰਦਗੀ ਕਰਦੇ ਬਾਬਾ ਫਰੀਦ ਦਾ ਸਮੁੱਚਾ ਵਜੂਦ ਤੇ ਕਿਵੇਂ ਮਦਰ ਟੈਰੇਸਾ ਦਾ ਸੇਵਾ ਭਾਵੀ ਚਿਹਰਾ। ਕਿਵੇਂ ਕਰਤਾਰ ਸਿੰਘ ਸਰਾਭਾ ਤੇ ਹੱਥਕੜੀ ਲੱਗੇ ਭਗਤ ਸਿੰਘ ਦਾ ਹੂਬਹੂ ਸਰੂਪ। ਕਿਵੇਂ ਰੰਗੀਨ ਟੁਕੜੀਆਂ ਨਾਲ ਸਜਾਏ ਦਰਬਾਰ ਸਾਹਿਬ ਤੇ ਉਸ ਦੀ ਸੁਨਹਿਰੀ ਝਲਕ ਸਰੋਵਰ ਵਿਚ ਲਹਿਰਾਉਂਦੀ ਦੇ ਦਰਸ਼ਨ ਕਰਵਾ ਦਿੰਦਾ ਹੈ। ਕੱਚ ਦੀਆਂ ਟੁਕੜੀਆਂ ਵਿਚ ਦੀ ਸਰੋਵਰ ਦੇ ਪਾਣੀ 'ਚ ਝਿਲਮਲਾਉਂਦੀ ਝਲਕ ਨੂੰ ਠੋਸ ਕਲਾਕ੍ਰਿਤੀ ਰਾਹੀਂ ਵਿਖਾਉਣਾ ਲਾਸਾਨੀ ਸਿਰਜਣਾ ਹੈ। ਦੋ ਚਾਰ ਦਿਨ ਨਹੀਂ, ਮਹੀਨੇ ਤੇ ਕਈ ਵਾਰ ਸਾਲ ਲੱਗ ਜਾਂਦੇ ਹਨ ਅਜਿਹੀ ਸਿਰਜਣਾ ਨੂੰ ਨੇਪਰੇ ਚਾੜ੍ਹਦਿਆਂ। ਅਜਿਹੀ ਕਲਾਕਾਰੀ ਦੀ ਕਦਰ ਮੁਜ਼ੇਕ ਕਲਾ ਦੇ ਜੌਹਰੀ ਹੀ ਪਾ ਸਕਦੇ ਹਨ।

ਬਲਦੇਵ ਸਿੰਘ ਦੀ ਹਰਜੀਤ ਸੰਧੂ ਬਾਰੇ ਲਿਖੀ ਪੁਸਤਕ ਮੋਮੀ ਕਾਗਜ਼ ਉਤੇ ਉਹਦੀਆਂ ਕਲਾ ਕਿਰਤਾਂ ਨਾਲ ਸ਼ਿੰਗਾਰੀ ਹੋਈ ਹੈ। ਲਿਖਿਆ ਹੈ ਕਿ ਬਚਪਨ ਤੋਂ ਹੀ ਹਰਜੀਤ ਦੇ ਹੱਥ ਕਦੇ ਨਿਚਲੇ ਨਹੀਂ ਰਹੇ। ਸ਼ਾਇਦ ਹੀ ਕੋਈ ਸ਼ਰਾਰਤ ਹੋਵੇ ਜਿਹੜੀ ਉਸ ਨੇ ਨਾ ਕੀਤੀ ਹੋਵੇ ਤੇ ਮਾਂ ਪਿਉ ਤੋਂ ਕੁੱਟ ਨਾ ਖਾਧੀ ਹੋਵੇ। ਕੌਡੀਆਂ ਬੰਟੇ ਖੇਡਣ, ਪਤੰਗਾਂ ਦੇ ਪੇਚੇ ਪਾਉਣ ਤੇ ਨੌਕਰ ਦੀ ਬੋਦੀ ਪੁੱਟਣ ਤਕ ਦੀਆਂ ਇੱਲਤਾਂ ਨਾ ਕੀਤੀਆਂ ਹੋਣ। ਪੇਂਟਿੰਗ ਤੇ ਕਲੇਅ ਮਾਡਲਿੰਗ ਤੋਂ ਲੈ ਕੇ ਸ਼ੀਸ਼ਾਕਾਰੀ ਤਕ ਸ਼ਾਇਦ ਹੀ ਕੋਈ ਕਲਾ ਹੋਵੇ ਜਿਸ ਨਾਲ ਉਹਦੇ ਪੋਟਿਆਂ ਨੇ ਪੰਗੇ ਨਾ ਲਏ ਹੋਣ। ਉਦੋਂ ਕੋਈ ਸੋਚ ਵੀ ਨਹੀਂ ਸੀ ਸਕਦਾ ਕਿ ਦਸਵੀਂ 'ਚੋਂ ਦੋ ਵਾਰ ਫੇਲ੍ਹ ਹੋਣ ਵਾਲਾ ਵਿਦਿਆਰਥੀ, ਛੱਪੜਾਂ ਦੀ ਚੀਕਣੀ ਮਿੱਟੀ ਨਾਲ ਬਲਦ ਘੋੜੇ ਬਣਾਉਂਦਾ, ਫਾਈਨ ਆਰਟਸ ਦੀ ਐੱਮਏ ਕਰੇਗਾ ਤੇ ਅੱਗੇ ਜਾ ਕੇ 'ਮੁਜ਼ੇਕ ਆਰਟ' ਵਿਚ ਅਜਿਹੀਆਂ ਕਲਾ-ਕ੍ਰਿਤਾਂ ਸਿਰਜੇਗਾ ਜਿਨ੍ਹਾਂ ਦਾ ਲੋਹਾ ਕੌਮਾਂਤਰੀ ਪੱਧਰ ਦੇ ਪਾਰਖੂ ਵੀ ਮੰਨਣਗੇ।

ਹਰਜੀਤ ਦਾ ਬਾਪ ਮੇਲਾ ਸਿੰਘ ਬੀਏ ਕਰ ਕੇ ਰੇਲਵੇ ਦਾ ਅਫ਼ਸਰ ਬਣ ਗਿਆ ਸੀ। ਦੇਸ਼ ਵੰਡ ਸਮੇਂ ਉਹ ਯੂਪੀ ਵਿਚ ਮੁਗ਼ਲ ਸਰਾਏ ਸਟੇਸ਼ਨ ਦਾ ਸਭ ਤੋਂ ਵੱਡਾ ਅਫ਼ਸਰ ਸੀ। ਉਥੇ ਬੰਗਲਾ ਤੇ ਨੌਕਰ ਮਿਲ ਗਏ ਸਨ। ਹਰਜੀਤ ਦਾ ਜਨਮ 7 ਜਨਵਰੀ 1949 ਨੂੰ ਮੋਗੇ 'ਚ ਹੋਇਆ ਪਰ ਬਚਪਨ ਮੁਗ਼ਲ ਸਰਾਏ ਦੇ ਬੰਗਲੇ, ਵਧੀਆ ਸਕੂਲਾਂ ਤੇ ਗਰਾਊਂਡਾਂ ਵਿਚ ਖੇਡਦਿਆਂ ਬੀਤਿਆ। ਬਾਪ ਅਸੂਲਾਂ ਦਾ ਪੱਕਾ ਤੇ ਅਨੁਸ਼ਾਸਨ ਦਾ ਪਾਬੰਦ ਸੀ ਜਿਸ ਕਰਕੇ ਬੱਚਿਆਂ ਨੂੰ ਖਿੱਚ ਕੇ ਰੱਖਦਾ।

ਹਰਜੀਤ ਬਾਰਾਂ ਸਾਲਾਂ ਦਾ ਸੀ ਕਿ ਬਾਪ ਦਾ ਸਾਇਆ ਸਿਰ ਤੋਂ ਉਠ ਗਿਆ। ਵਿਧਵਾ ਮਾਂ ਪੰਜਾਂ ਬੱਚਿਆਂ ਨੂੰ ਲੈ ਕੇ ਮੋਗੇ ਬਿਰਧ ਬਾਪ ਦੇ ਬੂਹੇ ਆ ਬੈਠੀ। ਬਾਪ ਦੀਆਂ ਚਾਰ ਧੀਆਂ 'ਚੋਂ ਦੋ ਵਿਧਵਾ ਹੋ ਚੁੱਕੀਆਂ ਸਨ। ਉਨ੍ਹਾਂ ਦੇ ਸਾਰੇ ਬੱਚੇ ਅਜੇ





ਵਿਦਿਆਰਥੀ ਸਨ। ਪਰਿਵਾਰ ਦੀ ਆਮਦਨ ਕੋਈ ਨਹੀਂ ਸੀ। ਨਾਨੇ ਦੀ ਜ਼ਮੀਨ ਦੇ ਠੇਕੇ ਨਾਲ ਹੀ ਪਰਿਵਾਰ ਦੀ ਗੱਡੀ ਰਿੜ੍ਹਨੀ ਸ਼ੁਰੂ ਹੋਈ। ਹਰਜੀਤ ਨੂੰ ਮੋਗੇ ਦੇ ਆਰੀਆ ਸਕੂਲ 'ਚ ਦਾਖਲ ਕਰਵਾਇਆ ਪਰ ਪੜ੍ਹਨ ਦੀ ਥਾਂ ਮਿੱਟੀ ਦੇ ਬਲਦ ਘੋੜੇ ਬਣਾਉਂਦਾ ਦਸਵੀਂ 'ਚੋਂ ਦੋ ਵਾਰ ਫੇਲ੍ਹ ਹੋ ਗਿਆ।

ਹਾਰ ਕੇ ਹਰਜੀਤ ਨੂੰ ਮੋਗੇ ਦੀ ਨੈਸਲੇ ਡੇਅਰੀ 'ਚ ਚਪੜਾਸੀ ਲੱਗਣਾ ਪਿਆ। ਜਦੋਂ ਚਾਰ ਪੈਸੇ ਜੁੜੇ ਤਾਂ ਮਿਸ਼ਨ ਸਕੂਲ 'ਚ ਪੜ੍ਹਨ ਲੱਗ ਪਿਆ। ਸਕੂਲ ਵੱਲੋਂ ਉਹ ਪੰਜਾਬ ਪੱਧਰ ਦੀ ਫੁੱਟਬਾਲ ਖੇਡਿਆ ਤੇ ਡਰਾਇੰਗ ਦਾ ਸਭ ਤੋਂ ਵਧੀਆ ਵਿਦਿਆਰਥੀ ਸਾਬਤ ਹੋਇਆ। ਫਿਰ ਅਧਿਆਪਕਾਂ ਦੀ ਮਦਦ ਨਾਲ ਦਸਵੀਂ ਪਾਸ ਕਰ ਗਿਆ।

ਮਾਸਟਰ ਨਿਰਮਲ ਸਿੰਘ ਗਿੱਲ ਨੇ ਉਸ ਨੂੰ ਬੀਐੱਡ ਕਾਲਜ ਦੇ ਆਰਟ ਪ੍ਰੋਫ਼ੈਸਰ ਰਾਠੌਰ ਦੇ ਲੜ ਲਾ ਦਿਤਾ। ਰਾਠੌੜ ਦੀ ਸੰਗਤ ਵਿਚ ਹਰਜੀਤ ਦੀ ਪ੍ਰਤਿਭਾ ਨੂੰ ਸਹੀ ਸੇਧ ਮਿਲ ਗਈ। ਉਹ ਕਿਸੇ ਆਰਟ ਕਾਲਜ ਵਿਚ ਦਾਖਲਾ ਲੈਣਾ ਚਾਹੁੰਦਾ ਸੀ ਪਰ ਰੁਜ਼ਗਾਰ ਲਈ ਪਟਿਆਲੇ ਦੇ ਸਰੀਰਕ ਸਿੱਖਿਆ ਕਾਲਜ ਵਿਚ ਜਾ ਦਾਖਲ ਹੋਇਆ।

ਫਿਰ ਰੁਜ਼ਗਾਰ ਦਫਤਰਾਂ ਦੇ ਧੱਕੇ ਖਾਂਦਾ ਕਦੇ ਕਿਸੇ ਸਕੂਲ 'ਚ ਪੀਟੀ ਲੱਗਦਾ, ਕਦੇ ਕਿਸੇ 'ਚ। ਉਹ ਜਿਸ ਸਕੂਲ ਵਿਚ ਵੀ ਪੀਟੀ ਲੱਗਦਾ ਉਹਦੀਆਂ ਟੀਮਾਂ ਜਿੱਤਣ ਲੱਗਦੀਆਂ। ਅੱਜ ਵੀ ਉਹਦੇ ਸਮਕਾਲੀ ਦੱਸਦੇ ਹਨ, "ਹਰਜੀਤ







ਬਣਨਾ ਬਹੁਤ ਔਖਾ ਹੈ। ਉਹ ਤਾਂ ਦੂਸਰੇ ਅਧਿਆਪਕਾਂ ਦੇ ਖਾਲੀ ਪੀਰੀਅਡਾਂ ਵਿਚ ਵੀ ਕਲਾਸਾਂ ਲੈਣ ਜਾ ਵੜਦਾ।

ਬੱਚਿਆਂ ਨੂੰ ਗਰਾਊਂਡ ਵਿਚ ਲੈ ਜਾਂਦਾ। ਕਦੇ ਗਿੱਲੀ ਮਿੱਟੀ ਨਾਲ ਜਾਨਵਰ ਬਣਾਉਣੇ ਸਿਖਾਉਂਦਾ, ਕਦੇ ਪੇਂਟਿੰਗ ਸਿਖਾਉਂਦਾ, ਕਦੇ ਲੱਕੜ ਤਰਾਸ਼ੀ। ਉਹ ਛੁੱਟੀ ਵਾਲੇ ਦਿਨ ਵੀ ਬੱਚਿਆਂ ਨੂੰ ਸਕੂਲ 'ਚ ਬੁਲਾ ਲੈਂਦਾ ਤੇ ਮੋਗਿਓਂ ਸਵੇਰੇ ਹੀ ਸਾਈਕਲ 'ਤੇ ਨਿਕਲ ਜਾਂਦਾ। ਕਦੇ ਡਾਲੇ, ਕਦੇ ਮਹਿਣੇ, ਕਦੇ ਘੱਲ ਕਲਾਂ, ਕਦੇ ਦੀਨਾ ਸਾਹਿਬ, ਕਦ ਕਿਤੇ ਹੋਰ...। ਪੀਟੀ ਹੁੰਦਿਆਂ ਉਸ ਨੇ ਪ੍ਰਾਈਵੇਟ ਬੀਏ ਕਰ ਲਈ। ਫਿਰ ਸਕੂਲੋਂ ਛੁੱਟੀ ਲੈ ਕੇ ਹੁਸ਼ਿਆਰਪੁਰ ਦੇ ਸਰਕਾਰੀ ਕਾਲਜ ਤੋਂ ਫਾਈਨ ਆਰਟਸ ਦੀ ਐਮਏ ਕੀਤੀ।

1983 ਵਿਚ ਉਸ ਨੂੰ ਸਟੇਟ ਪੱਧਰ ਦਾ ਕਲਾ ਅਵਾਰਡ ਮਿਲਿਆ। ਪੰਜਾਬ ਦੇ ਗਵਰਨਰ ਨੇ ਉਚੇਚਾ ਪਰਸ਼ੰਸਾ ਪੱਤਰ ਦਿੱਤਾ। ਬਾਬਾ ਫਰੀਦ ਮੇਲੇ ਵਿਚ ਡੀਸੀ ਫਰੀਦਕੋਟ ਨੇ ਤੇ ਢੁੱਡੀਕੇ ਦੇ ਲਾਜਪਤ ਰਾਏ ਮੇਲੇ ਵਿਚ ਮੁੱਖ ਸਕੱਤਰ ਨੇ ਐਵਾਰਡ ਦਿੱਤੇ। ਫਿਰ ਉਹ ਆਪਣੀ ਭੈਣ ਕੋਲ ਨਿਊ ਯਾਰਕ ਚਲਾ ਗਿਆ। ਉਥੇ ਸਾਈਨ ਬੋਰਡ ਲਿਖਣ ਦੀ ਮਜ਼ਦੂਰੀ ਕਰਦਾ ਰਿਹਾ। ਆਖ਼ਰ 2010 ਤੋਂ ਉਹਦੀ ਮੋਜ਼ੇਕੀ ਦਾ ਮੁੱਲ ਪੈਣ ਲੱਗਾ। ਉਸ ਨੇ ਕੱਚ ਦੀਆਂ ਬਰੀਕ ਟੁਕੜੀਆਂ ਜੋੜ ਕੇ ਬਾਬਾ ਫਰੀਦ ਦਾ ਚਿੱਤਰ ਬਣਾਇਆ ਜਿਸ ਵਿਚ ਚਿਹਰੇ ਦੀ ਰੂਹਾਨੀਅਤ ਉਜਾਗਰ ਕੀਤੀ। ਮੋਜ਼ੇਕ ਸ਼ੈਲੀ ਵਿਚ 'ਆਸਕਰ ਅਵਾਰਡ' ਦੇ ਘੁੰਮਦੇ ਹੋਣ ਦਾ ਪ੍ਰਭਾਵ ਪ੍ਰਵੀਨਤਾ ਨਾਲ ਸਿਰਜਿਆ। ਹਰਿਮੰਦਰ ਸਾਹਿਬ ਦਾ ਚਿੱਤਰ ਇਕ ਸਾਲ ਦੀ ਮਿਹਨਤ ਨਾਲ ਤਿਆਰ ਕੀਤਾ। ਉਸ ਵਿਚ ਦਰਬਾਰ ਸਾਹਿਬ ਦਾ ਸਰੋਵਰ 'ਤੇ ਝਿਲਮਿਲਾਉਂਦਾ ਅਕਸ ਚਮਤਕਾਰੀ ਮਹਿਸੂਸ ਹੁੰਦਾ ਹੈ।

ਕਲਾਵਾਂ ਦੀ ਪਾਰਖੂ

ਮੋਨਿਕਾ ਨੇ ਨਾਰਥ ਅਮੈਰੀਕਨ ਸਿੱਖ ਰੀਵਿਊ ਵਿਚ ਲਿਖਿਆ, "ਹਰਜੀਤ ਦਾ ਆਰਟ ਵਰਕ ਆਪਣੇ ਮੂੰਹੋਂ ਬੋਲਦਾ ਹੈ ਜੋ ਉਹਦੇ ਸਬਰ ਸੰਤੋਖ, ਸਖ਼ਤ ਮਿਹਨਤ, ਸਿਰੜ, ਦ੍ਰਿੜਤਾ ਤੇ ਤਿਆਗ ਦੀ ਗਵਾਹੀ ਦਿੰਦਾ ਹੈ।"

ਡਾ. ਸਰੋਦ ਰਾਣੀ ਨੇ ਲਿਖਿਆ, "ਹਰਜੀਤ ਮਿੱਟੀ, ਲੱਕੜ, ਕੱਚ ਤੇ ਪੱਥਰਾਂ ਨਾਲ ਆਪਣੀ ਪਿਛਲੇ ਜਨਮ ਦੀ ਸਾਂਝ ਦੱਸਦਾ ਹੈ। ਉਹ ਮਿੱਟੀ ਵਿਚ ਸਿਰਜੇ ਚਿਹਰੇ ਤੇ ਪੰਜਾਂ ਇੰਦਰੀਆਂ ਦਾ ਮੇਲ ਇੰਜ ਮੇਲਦਾ ਹੈ ਜਿਵੇਂ ਖ਼ਾਸ ਮਿੱਟੀ, ਖ਼ਾਸ ਆਦਮੀ ਦੇ ਚਰਿਤਰ ਲਈ ਹੀ ਬਣੀ ਹੋਵੇ। ਹਰਜੀਤ ਟੋਬਿਆਂ ਦੀ ਮਿੱਟੀ ਨੂੰ ਸਾਕਾਰ ਰੂਪ ਦੇਣ ਵਾਲਾ ਕਲਾਕਾਰ ਹੈ।" ਉਸ ਦੇ ਆਰਟ ਗੁਰੂ ਪ੍ਰੋ. ਰਾਠੌਰ ਜੋ ਪੈਂਸਲ ਵਰਕ, ਵਾਟਰ-ਕਲਰ, ਆਇਲ ਕਲਰ ਤੇ ਬੁੱਤ ਤਰਾਸ਼ੀ 'ਚ



ਮਾਹਿਰ ਸਨ ਨੇ ਹਰਜੀਤ ਨੂੰ ਐਸਾ ਚੰਡਿਆ ਸੀ ਕਿ ਫਿਰ ਉਸ ਨੇ ਪਿੱਛੇ ਮੁੜ ਕੇ ਨਾ ਵੇਖਿਆ। ਹਰਜੀਤ ਆਪਣੀ ਮਿਹਨਤ ਤੇ ਲਗਨ ਬਾਰੇ ਦੱਸਦਾ ਹੈ, "ਇਕ ਵਾਰ ਮੈਂ ਰਾਠੌਰ ਸਾਹਿਬ ਕੋਲ ਬੈਠਾ ਸ਼ਹੀਦ ਭਗਤ ਸਿੰਘ ਦਾ ਬੁੱਤ ਬਣਾ ਰਿਹਾ ਸਾਂ। ਮੈਂ ਆਪਣੇ ਕੰਮ 'ਚ ਏਨਾ ਮਗਨ ਸਾਂ ਕਿ ਪਤਾ ਹੀ ਨਾ ਲੱਗਾ, ਕਿੰਨੇ ਘੰਟੇ ਪੈਰਾਂ ਭਾਰ ਬੈਠਾ ਆਪਣੀ ਧੁਨ ਵਿਚ ਲੱਗਾ ਰਿਹਾ? ਜਦੋਂ ਸ਼ਾਮ ਨੂੰ ਕੰਮ ਮੁਕਾ ਕੇ ਉੱਠਣ ਲੱਗਾ ਤਾਂ ਧੜੰਮ ਕਰ ਕੇ ਪਿੱਠ ਪਰਨੇ ਡਿੱਗ ਪਿਆ। ਪੈਰਾਂ ਨੇ ਭਾਰ ਨਾ ਝੱਲਿਆ। ਪੈਰ ਸੁੰਨ ਹੋਏ ਪਏ ਸਨ। ਖੜਕਾ ਸੁਣ ਕੇ ਗੁਰੂ ਰਾਠੌਰ ਜੀ ਭੱਜੇ ਆਏ ਤੇ ਮੈਨੂੰ ਡਿੱਗੇ ਨੂੰ ਚੁੱਕਿਆ।"

ਹਰਜੀਤ ਸੰਧੂ ਨੇ ਬਾਬਾ ਫਰੀਦ ਤੋਂ ਲੈ ਕੇ ਦਰਬਾਰ ਸਾਹਿਬ, ਮਦਰ ਟਰੇਸਾ, ਬਰਾਕ ਓਬਾਮਾ, ਔਸਕਰ ਐਵਾਰਡ, ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਸ਼ਹੀਦ ਭਗਤ ਸਿੰਘ ਆਦਿ ਦੇ ਦਰਜਨ ਕੁ ਮੋਜ਼ੇਕ ਸਿਰਜੇ ਹਨ ਅਤੇ ਮਿੱਟੀ ਤੇ ਲੱਕੜ ਦੀਆਂ ਵੀ ਕਈ ਕਲਾ ਕ੍ਰਿਤਾਂ ਸਾਜੀਆਂ ਹਨ। ਉਹਦੀ ਕਲਾ ਦਾ ਸਿਰੜੀ ਸਫ਼ਰ ਜਾਰੀ ਹੈ ਜੋ ਅੰਤਲੇ ਦਮ ਤਕ ਜਾਰੀ ਰਹੇਗਾ। ਕਿਸੇ ਕਵੀ ਦੀਆਂ ਸਤਰਾਂ ਹਨ:

ਜਦੋਂ ਵਾਰੀ ਆਈ ਤਾਂ ਜਹਾਨ ਛੱਡ ਜਾ<br>
ਪਿੱਛੇ ਪਰ ਪੈੜਾਂ ਦੇ ਨਿਸ਼ਾਨ ਛੱਡ ਜਾ<br>
ਲੱਖਾਂ ਆਏ ਮੇਲਿਆਂ 'ਚ ਗੁੰਮ ਹੋ ਗਏ<br>
ਵੱਖਰੀ ਕੋਈ ਆਪਣੀ ਪਛਾਣ ਛੱਡ ਜਾ

Email: principalsarwansingh@gmail.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਜੱਟ ਸਿੱਖ ਸੰਧੂ ਲੜਕਾ, ਉਮਰ 33 ਸਾਲ, ਕੱਦ 5 ਫੁਟ, 11 ਇੰਚ, 12ਵੀਂ ਪਾਸ, ਵਰਕ ਪਰਮਿਟ ਦੋ ਸਾਲ, ਬ੍ਰੈਂਪਟਨ, ਪਿਤਾ ਵੀ ਇੱਥੇ, ਮਾਤਾ ਵੀ ਆ ਰਹੀ ਹੈ। ਇਕਲੌਤਾ ਲੜਕਾ, ਚੰਗੀ ਜਾਇਦਾਦ, ਨਸ਼ਿਆਂ ਤੋਂ ਬਿਲਕੁਲ ਰਹਿਤ, ਭੂਆਂ ਕੋਲ ਰਹਿੰਦਾ ਹੈ, ਲਈ ਯੋਗ ਲੜਕੀ ਸਿਟੀਜ਼ਨ, ਪੀ.ਆਰ. ਹੋਵੇ। ਹੋਣ ਜਾਣਕਾਰੀ ਲਈ ਸੰਪਰਕ ਕਰੋ: 647-631-9445

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜ਼ਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11", B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਸੈਲ ਐਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6










FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017